
# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

## ਗੁਰਦਵਾਰਾ ਬੇਰ ਸਾਹਿਬ, ਸੁਲਤਾਨਪੁਰ ਲੋਧੀ

ਮਈ ੧੯੭੫



Ma 1975

ਇਸ ਅਸਥਾਨ ਤੇ ਗੁਰੂ ਨਾਨਕ ਦੇਵ ਜੀ ਵੇਈਂ ਨਦੀ ਵਿਚ ਇਸ਼ਨਾਨ ਕਰਕੇ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ ੩/੭੦-੬੮-੨੧ (ਅ. ਪ.) ਮਿਤੀ ੧੭-੧੦-੬੮ ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ

| | | |
|---|---|---|
| ਤੁਹੀ ਤੁਹੀ ਤੁਹੀ ਤੁਹੀ | 'ਅਕਾਲ ਉਸਤਤਿ' | ੧ |
| ਭੱਟਾਂ ਦੇ ਸਵਈਆਂ ਪਰ ਵਿਚਾਰ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਗੁਰੂ ਗ੍ਰੰਥ ਤੇ ਪੰਥ | ਡਾਕਟਰ ਤ੍ਰਿਲੋਚਨ ਸਿੰਘ ਜੀ | ੯ |
| ਗੁਰੂ ਅਮਰਦਾਸ ਜੀ (ਗੁਰੂ ਮਿਲਾਪ) | ਸ: ਕੁੰਭੇਰ ਸਿੰਘ ਜੀ, ਫੀਰੋਜ਼ਪੁਰ | ੧੬ |
| ਬੀਬੀ ਨੂਰਸ਼ਾਹ | ਸ: ਵਰਿਆਮ ਸਿੰਘ ਜੀ, ਦਿਲੀ | ੨੦ |
| ਸਿੰਘ ਸਭਾ ਦੇ ਕੰਮ ਤੇ ਇਕ ਪੜਚੋਲਵੀਂ ਨਜ਼ਰ | ਸਾਰੰਗ ਜੀ, ਕਪੂਰਥਲਾ | ੨੩ |
| ਗੁਰਮੁਖ ਪੰਥ ਅਤੀਤੰ | ਗਿ: ਜਸਮੇਰ ਸਿੰਘ ਜੀ ਪਾਲ | ੨੬ |
| ਸ੍ਰੀ ਗੁਰੂ ਗ੍ਰੰਥ ਤੇ ਪੰਥ | ਭਾਈ ਸਾਹਿਬ ਜੋਗਿੰਦਰ ਸਿੰਘ ਜੀ | ੨੭ |
| ਭੁਲੇਖੇ ਦੂਰ ਕਰਨ ਦੀ ਥਾਂ 'ਭੁਲੇਖੇ ਹੀ ਭੁਲੇਖੇ' | 'ਸੂਰਾ' ਪਰਵਾਰ | ੩੪ |
| ਸਾਡੇ ਨੇਤਾਵਾਂ ਦੀ ਸਿਖ ਕੌਮ ਨੂੰ ਦੇਣ | 'ਗੁਰਮਤਿ ਵਿਚਾਰ ਪਤ੍ਰਕਾ' | ੩੬ |
| ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ | ਗਿਆਨੀ ਤ੍ਰਿਲੋਚਨ ਸਿੰਘ ਜੀ | ੩੭ |
| ਸੂਫ਼ੀ ਵੰਨਗੀਆਂ | ਸ: ਸਾਧੂ ਸਿੰਘ ਜੀ 'ਸੂਫ਼ੀ' | ੩੯ |
| ਗੁਰਸਿਖੀ ਦੀ ਇਹ ਨਿਸ਼ਾਨੀ | 'ਸੂਰਾ' ਪਰਵਾਰ | ੪੦ |

## ਮਈ ੧੯੭੫ ਦੇ ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ ਧਾਰਿਆ | ੨ ਮਈ |
| ਸ੍ਰੀ ਗੁਰੂ ਅੰਗਦ ਦੇਵ ਜੀ ਅਵਤਾਰ ਧਾਰਿਆ | ੧੨ ਮਈ |
| ਸ੍ਰੀ ਗੁਰੂ ਅਮਰ ਦਾਸ ਜੀ ਅਵਤਾਰ ਧਾਰਿਆ | ੨੪ ਮਈ |
| ਸੰਗਰਾਂਦ ਜੇਠ | ੧੪ ਮਈ |
| ਮਸਿਆ | ੧੧ ਮਈ |
| ਪੂਰਨਮਾਸ਼ੀ | ੨੫ ਮਈ |

ਜੀਊਲ ਫ਼ਾਈਨ ਪ੍ਰਿੰਟਰਜ਼, ਹਾਥੀਖ਼ਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


ੴ ਵਾਹਿਗੁਰੂ ਜੀ ਕੀ ਫਤਹਿ॥

# ਸੂਰਾ

ਅੰਮ੍ਰਿਤਸਰ

ਮਾਸਕ ਪੱਤਰ

ਸਾਲਾਨਾ ਚੰਦਾ ਦੇਸ : ੬ ਰੁਪਏ
ਫੀ ਕਾਪੀ : ੫੦ ਪੈਸੇ

ਪਰਦੇਸ : ਸਮੁੰਦਰੀ ਡਾਕ ਇਕ ਪੌਂਡ
ਹਵਾਈ ਡਾਕ ਦੇ ਰੇਟ ਵਖਰੇ ਹਨ।

ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੯ ੧ ਮਈ ੧੯੭੫ ਅੰਕ ੫


## ਤੁਹੀ ਤੁਹੀ ਤੁਹੀ ਤੁਹੀ

ਜਲਸ ਤੁਹੀ ॥ ਥਲਸ ਤੁਹੀ ॥ ਨਦਿਸ[1] ਤੁਹੀ ॥ ਨਦਸ[2] ਤੁਹੀ ॥੧੩॥੬੩॥
ਬ੍ਰਿਛਸ ਤੁਹੀ ॥ ਪਤਸ[3] ਤੁਹੀ ॥ ਛਿਤਸ[4] ਤੁਹੀ ॥ ਉਰਧਸ[5] ਤੁਹੀ ॥੧੪॥੬੪॥
ਭਜਸ ਤੁਅੰ ॥ ਭਜਸ ਤੁਅੰ ॥ ਰਟਸ ਤੁਅੰ ॥ ਠਟਸ ਤੁਅੰ ॥੧੫॥੬੫॥
ਜ਼ਿਮੀਂ ਤੁਹੀ ॥ ਜ਼ਮਾਂ ਤੁਹੀ ॥ ਮਕੀਂ[6] ਤੁਹੀ ॥ ਮਕਾਂ ਤੁਹੀ ॥੧੬॥੬੬॥
ਅਭੂ[7] ਤੁਹੀ ॥ ਅਭੈ ਤੁਹੀ ॥ ਅਛੂਹ[8] ਤੁਹੀ ॥ ਅਛੈ[9] ਤੁਹੀ ॥੧੭॥੬੭॥
ਜਤਸ[10] ਤੁਹੀ ॥ ਬ੍ਰਤਸ[11] ਤੁਹੀ ॥ ਗਤਸ[12] ਤੁਹੀ ॥ ਮਤਸ[13] ਤੁਹੀ ॥੧੮॥੬੮॥
ਤੁਹੀ ਤੁਹੀ ॥ ਤੁਹੀ ਤੁਹੀ ॥ ਤੁਹੀ ਤੁਹੀ ॥ ਤੁਹੀ ਤੁਹੀ ॥੧੯॥੬੯॥
ਤੁਹੀ ਤੁਹੀ ॥ ਤੁਹੀ ਤੁਹੀ ॥ ਤੁਹੀ ਤੁਹੀ ॥ ਤੁਹੀ ਤੁਹੀ ॥੨੦॥੭੦॥

[ਅਕਾਲ ਉਸਤਤ

੧. ਨਦੀ। ੨. ਸਮੁੰਦਰ। ੩. ਪੱਤਿਆਂ ਵਿਚ। ੪. ਧਰਤੀ। ੫. ਅਕਾਸ਼। ੬. ਮਕਾਨ ਅੰਦਰ ਵਸਣ ਵਾਲਾ। ੭. ਜਨਮ ਰਹਿਤ। ੮. ਸਪਰਸ਼ ਤੋਂ ਪਰੇ। ੯. ਨਾਸ਼ ਨਾ ਹੋਣ ਵਾਲਾ। ੧੦. ੧੧. ਬ੍ਰਤਧਾਰੀ। ੧੨. ਮੁਕਤ-ਦਾਤਾ। ੧੩. ਧਰਮਾਂ ਵਾਲਾ।


ਐਡੀਟਰ : ਗਿਆਨੀ ਜਸਵੰਤ ਸਿੰਘ; ਬੀ. ਏ., ਬੀ. ਟੀ.



www.AKJ.Org

# ਭੱਟਾਂ ਦੇ ਸਵਈਆਂ ਪਰ ਵਿਚਾਰ

[ਵਲੋਂ—ਗੁਰਪੁਰਿ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਅਕਾਲ ਪੁਰਖ ਕੀ ਦੇਹ* ਮਹਿ ਕੋਟਕ ਬਿਸਨ ਮਹੇਸ਼ ॥ ਕੋਟਿ ਇੰਦ੍ਰ ਬ੍ਰਹਮਾ ਕਿਤੇ, ਰਵਿ ਸਸਿ ਕੋਟਿ ਜਲੇਸ ॥ [ਬ੍ਰਹਮਾ ਅਵਤਾਰ

ਸ੍ਰੀ ਦਸਮੇਸ਼ ਜੀ ਦੇ ਇਸ ਮੁਖਵਾਕ ਅਨੁਸਾਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸੀ ਭਾਵ ਦੇ ਅਨੇਕਾਂ ਗੁਰਪ੍ਰਮਾਣਾਂ ਦੀ ਪੁਸ਼ਟੀ ਤਲੇ ਗੁਰਮਤਿ ਦਾ ਇਹ ਇਕ ਉੱਚਾ ਸੁਚਾ ਪਰਸਿਧ ਸਿਧਾਂਤ ਨਿਰੂਪਣ ਹੁੰਦਾ ਹੈ ਕਿ ਸ੍ਰੀ ਅਕਾਲ ਪੁਰਖ ਦੇ ਸਰਬ ਵਿਆਪਕ ਅਤੇ ਅਥਾਹ ਵੈਰਾਟ ਸਰੂਪ ਅੰਦਰ ਕੋਟਾਨ ਕੋਟ ਬ੍ਰਹਮੇ ਬਿਸ਼ਨ ਮਹੇਸ਼ ਅਤੇ ਬੇਅੰਤ ਅਤੇ ਕਰੋੜ ਇੰਦ ਚੰਦ ਸੂਰ (ਸੂਰਜ) ਲੁਪਤ ਛੁਪਤ ਹਨ, ਜੋ ਗਿਆਨ-ਖੰਡ ਖੁਲ੍ਹਣ ਪਸਚਾਤ ਨਾਮ-ਅਭਿਆਸੀ ਸਿਖ ਜਗਿਆਸੂਆਂ ਨੂੰ ਪ੍ਰਗਟ ਪਹਾਰੇ ਜਾਪਦੇ ਹਨ, ਇਸ ਗਿਆਨ-ਖੰਡ ਦੇ ਹੂਬਹੂ ਨਕਸ਼ੇ ਨੂੰ, ਸਾਂਗੋ ਪਾਂਗ ਪੇਖੇ ਪਿਖਾਏ ਨਕਸ਼ੇ ਨੂੰ ਸ੍ਰੀ ਜਪੁਜੀ ਸਾਹਿਬ ਜੀ ਦੀ ਮੂਲ ਮੰਤਰ ਰੂਪੀ ਗੁਰਬਾਣੀ ਅੰਦਰ ਇਸ ਪ੍ਰਕਾਰ ਉਤਾਰਿਆ ਗਿਆ ਹੈ—

ਕੇਤੇ ਪਵਣ ਪਾਣੀ ਵੈਸੰਤਰ, ਕੇਤੇ ਕਾਨ ਮਹੇਸ ॥ ਕੇਤੇ ਬਰਮੇ ਘਾੜਤਿ ਘੜੀਅਹਿ, ਰੂਪ ਰੰਗ ਕੇ ਵੇਸ ॥ ਕੇਤੀਆ ਕਰਮ ਭੂਮੀ, ਮੇਰ ਕੇਤੇ, ਕੇਤੇ ਧੂ ਉਪਦੇਸ ॥ ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ ॥ ਕੇਤੇ ਸਿਧ ਬੁਧ ਨਾਥ ਕੇਤੇ, ਕੇਤੇ ਦੇਵੀ ਵੇਸ ॥ ਕੇਤੇ ਦੇਵ ਦਾਨਵ ਮੁਨਿ ਕੇਤੇ, ਕੇਤੇ ਰਤਨ ਸਮੁੰਦ ॥ ਕੇਤੀਆ ਖਾਣੀ, ਕੇਤੀਆ ਬਾਣੀ, ਕੇਤੇ ਪਾਤ ਨਰਿੰਦ ॥ ਕੇਤੀਆ ਸੁਰਤੀ, ਸੇਵਕ ਕੇਤੇ, ਨਾਨਕ ਅੰਤੁ ਨ ਅੰਤੁ॥੩੫॥

ਅਕਾਲ ਪੁਰਖ ਦੇ ਇਸ ਅਥਾਹ ਵੈਰਾਟ ਸਰੂਪ ਅੰਦਰ ਬੇਅੰਤ ਰਚਨਾ ਦੀ ਅਪਾਰ ਲੀਲ੍ਹਾ ਨਿਰੂਪਣੀ ਪ੍ਰੌੜ੍ਹਤਾ ਸ੍ਰੀ ਸੁਖਮਨੀ ਸਾਹਿਬ ਦੀ ਦਸਵੀਂ ਅਸ਼ਟਪਦੀ ਦੀਆਂ ਹੇਠ ਲਿਖੀਆਂ ਤੁਕਾਂ ਇਸ ਪ੍ਰਕਾਰ ਕਰਾਉਂਦੀਆਂ ਹਨ—

ਕਈ ਕੋਟਿ ਪਵਣ ਪਾਣੀ ਬੈਸੰਤਰ ॥ ਕਈ ਕੋਟਿ ਦੇਸ ਭੂ ਮੰਡਲ ॥ ਕਈ ਕੋਟਿ ਸਸੀਅਰ ਸੂਰ ਨਖਤ੍ਰ ॥ ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ...॥੩॥ ... ... ਕਈ ਕੋਟਿ ਕੀਏ ਰਤਨ ਸਮੁਦ ॥ ਕਈ ਕੋਟਿ ਨਾਨਾ ਪ੍ਰਕਾਰ ਜੰਤ ॥... ॥੪॥ ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥ ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ ॥ ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਹਿ ॥ ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥

ਉਪਰਲੇ ਗੁਰਪ੍ਰਮਾਣਾਂ ਤੋਂ ਗੁਰਮਤਿ ਦੇ ਦੋ ਸਿਧਾਂਤ ਅਸੂਲ ਸਪੱਸ਼ਟ ਸਿਧ ਹੁੰਦੇ ਹਨ। ਇਕ ਤਾਂ ਇਹ ਕਿ ਜਿਤਨੇ ਭੀ ਕ੍ਰਿਸ਼ਨ, ਬਿਸ਼ਨ, ਰਾਮ, ਰਹੀਮ, ਇੰਦਰ, ਉਪਿੰਦਰ, ਸਿਧ, ਬੁਧ, ਨਾਥ ਆਦਿਕ ਅਖਉਤੀ ਅਵਤਾਰ ਹੋਏ ਹਨ, ਇਹ ਸਭ ਅਕਾਲ ਪੁਰਖ ਦੇ ਕੀਤੇ ਹੋਏ ਕਿਰਤਮ ਵਜੂਦ ਹਨ। ਇਹਨਾਂ ਨੂੰ ਅਸੀਂ (ਗੁਰਸਿਖਾਂ ਨੇ) ਅਕਾਲ ਪੁਰਖ ਕਰਕੇ ਨਹੀਂ ਮੰਨਣਾ।

"ਬਿਨ ਕਰਤਾਰ ਨ ਕਿਰਤਮ ਮਾਨੋ ॥ ਆਦਿ ਅਜੋਨਿ ਅਜੈ ਅਬਿਨਾਸੀ, ਤਿਹ ਪਰਮੇਸਰ ਜਾਨੋ" ਵਾਲਾ ਹੁਕਮ ਹੀ ਮੰਨਣਾ ਹੈ, ਦੂਜੇ ਇਹ ਕਿ ਅਕਾਲ ਪੁਰਖ ਨੂੰ ਅਸੀਂ ਅਵਤਾਰਾਂ ਦੇ ਵਜੂਦ (ਸਰੂਪ) ਵਾਲਾ ਮਾਣਸ ਰੂਪ ਕਰਕੇ ਕਦਾਚਿਤ ਨਹੀਂ ਮੰਨਣਾ—

ਸੋ ਕਿਮ ਮਾਨਸ ਰੂਪ ਕਹਾਏ ॥ ਸਿਧ ਸਮਾਧ ਸਾਧ ਕਰ ਹਾਰੇ, ਕਯੋਹੂੰ ਨ ਦੇਖਨ ਪਾਏ ॥
[ਸ਼ਬਦ ਹਜ਼ਾਰੇ ਪਾ: ੧੦

ਏਹਨਾਂ ਦੋਹਾਂ ਗੁਰਮਤਿ ਸਿਧਾਤਾਂ ਤੋਂ ਭਿੰਨ, ਪ੍ਰੰਤੂ ਇਹਨਾਂ ਦੇ ਨਾਲ ਲਗਵਾਂ ਹੀ ਤੀਜਾ ਹੋਰ ਗੁਰਮਤਿ ਸਿਧਾਂਤ (ਇਨ੍ਹਾਂ ਉਪਰਲੇ ਗੁਰਵਾਕਾਂ ਤੋਂ ਭਿੰਨ) ਹੋਰ

*ਦੇਹ—ਵਰਾਟ ਸਰੂਪ।



www.AKJ.Org

ਗੁਰ ਵਾਕਾਂ ਅਥਵਾ ਸ੍ਰੀ ਮੁਖਵਾਕਾਂ ਦੇ ਪ੍ਰਮਾਣ ਸਪੱਸ਼ਟ ਕਰਾਉਂਦੇ ਹਨ। ਉਹ ਇਹ ਕਿ ਏਹਨਾਂ ਅਵਤਾਰਾਂ ਨੂੰ ਸ੍ਰੀ ਅਕਾਲ ਪੁਰਖ ਜੀ ਨੇ ਆਪ ਆਪਣੀ ਬਲ-ਕਲਾ ਬਖਸ਼ ਕੇ ਪਠਾਇਆ, ਸੰਸਾਰ ਦੇ ਕਿਸੀ ਉਪਕਾਰ ਦੇ ਨਮਿਤ ਪਠਾਇਆ, ਪਰ ਉਹ ਉਕਤ ਅਵਤਾਰ ਆ ਕੇ ਆਪਣੀ ਭੁਜ ਬਲ ਕਰ ਬਵਰੇ ਹੋ ਗਏ। ਉਹਨਾਂ ਨੇ ਕਰਤਾਰ-ਬਖ਼ਸ਼ੀ ਅਕਲ ਕਲਾ ਨੂੰ ਆਪਣੀ ਅਹੰਮਤਿ ਕਰ, ਨਿਜ ਸ੍ਵੈਤੰਤਰ ਸ਼ਕਤੀ ਹੀ ਜਾਣ ਲਿਆ।

ਜੇ ਜੇ ਗਉਸ ਅੰਬੀਆ ਭਏ ॥ ਮੈ ਮੈ ਕਰਤ
ਜਗਤ ਤੇ ਗਏ ॥"

ਲੋਕਾਂ ਨੇ ਭੀ ਏਹਨਾਂ ਦੇ ਸ਼ਕਤਿ-ਚਮਤਕਾਰ ਤੇ ਅਚੰਭਤ ਹੋ ਕੇ, ਏਹਨਾਂ ਨੂੰ ਅਗਿਆਨ ਕਰਕੇ ਸਰਬ-ਕਲਾ ਸ਼ਕਤੀਵਰ ਮੰਨ ਲਿਆ—

ਕਹਾ ਭਯੋ ਜੋ ਆਨ ਜਗਤ ਮੈ ਦਸਕ ਅਸੁਰ
ਹਰਿ ਘਾਏ ॥ ਅਧਿਕ ਪ੍ਰਪੰਚ ਦਿਖਾਇ ਸਭਨ
ਕਹ, ਆਪਹਿ ਬ੍ਰਹਮ ਕਹਾਏ ॥

(ਸ਼ਬਦ ਹਜ਼ਾਰੇ ਪਾ: ੧੦

ਸ੍ਰੀ ਦਸਮੇਸ਼ ਮੁਖਵਾਕ ਹੈ ਕਿ ਏਹਨਾਂ ਹਰਿ (ਵਿਸ਼ਨੂੰ) ਦੇ ਸਰਗੁਣ ਰੂਪ ਅਵਤਾਰਾਂ ਅੰਦਰ ਦਸ ਕੁ ਅਸੁਰ ਘਾਵਣ ਦੀ ਸ਼ਕਤ-ਕਲਾ ਵਰਤ ਵਿਆਪ ਗਈ ਤਾਂ ਕੀ ਹੋ ਗਿਆ। ਉਹ ਸਰਬ-ਕਲਾ ਸਮਰਥ ਅਕਾਲ ਪੁਰਖ ਪਰਮੇਸ਼ਰ ਪਾਰਬ੍ਰਹਮ ਤਾਂ ਨਹੀਂ ਬਣ ਗਏ। ਜਦ ਤਾਈਂ ਉਨ੍ਹਾਂ ਅੰਦਰ ਕਲਾ ਵਰਤੀ ਤਾਂ ਅਕਾਲ ਪੁਰਖ ਵਲੋਂ ਵਰਤੀ, ਜਾਂ ਐਉਂ ਕਹੋ ਕਿ ਅਕਾਲ ਪੁਰਖ ਦੀ ਵਰਤਾਈ ਵਰਤੀ। ਕਲਾ ਤਾਂ ਅਕਾਲ ਪੁਰਖ ਦੀ ਸੀ। ਪਰ ਓਹ ਸਮਝ ਬੈਠੇ ਆਪਣੀ ਨਿਜ ਕਲਾ। ਉਹਨਾਂ ਅੰਦਰ ਦਸ ਕੁ ਅਸੁਰ (ਰਾਕਸ਼) ਘਾਉਣ ਦੀ ਸਮਰਥਾ ਆਪੋ ਆਪਣੇ ਸ੍ਵੈਤੰਤਰ ਰੂਪ ਵਿਚ ਕੁਛ ਭੀ ਨਹੀਂ ਹੋਈ, ਇਹ ਸਭ ਸਰਬ-ਕਲਾ ਸਮਰਥ ਅਕਾਲ ਪੁਰਖ ਦੀ ਬਖਸ਼ੀ ਹੋਈ ਸਮਰਥਾ ਸੀ। ਜਦ ਤਾਈਂ ਉਹ ਇਸ ਕਲਾ-ਸਮਰਥਾ ਨੂੰ ਅਕਾਲ ਪੁਰਖ ਦੀ ਬਖਸ਼ਸ਼ ਜਾਣ ਕੇ ਉਸ ਦੇ ਹੁਕਮ ਅੰਦਰ ਵਰਤਦੇ ਰਹੇ, ਅਤੇ ਜਦ ਤਾਈਂ ਆਪਣੇ ਆਪ ਨੂੰ ਅਕਾਲ ਪੁਰਖ ਦੇ ਹੁਕਮ ਪ੍ਰਾਇਣ ਰਹਿੰਦੇ ਹੋਏ, ਤੇ ਉਸ ਕਲਾ ਸ਼ਕਤੀਸ਼ਰ ਦੀਆਂ ਕਾਠ-ਪੁਤਲੀਆਂ ਸਮਝਦੇ ਰਹੇ ਤਦ ਤੀਕਰ ਇਹ ਕਲਾ ਸਵਾਏ ਰੰਗਾਂ, ਉਪਕਾਰ ਉਮਗਾਏ ਰੰਗਾਂ ਵਿਚ ਵਰਤਦੀ ਰਹੀ। ਪਰੰਤੂ ਜਦੋਂ ਉਹ ਆਪਣੇ ਆਪ ਹੀ ਸਰਬ ਸ਼ਕਤੀਮਾਨ ਬਣ ਬੈਠੇ ਤਾਂ ਉਸ ਕਲਾ-ਪਰਦਾਤੀ-ਸਰਬ-ਕਲਾ ਸ਼ਕਤੀਸ਼ਰ ਅਕਾਲ ਪੁਰਖ ਨੇ ਉਹ ਕਲਾ ਐਉਂ ਉਹਨਾਂ ਤੋਂ ਖਿਚ ਲਈ, ਜਿਵੇਂ ਰਾਮ ਰਾਏ ਦੇ ਹੰਕਾਰੀ ਅਤੇ ਗੁਰ-ਹੁਕਮਾਂ ਤੋਂ ਇਨਕਾਰੀ ਹੋ ਜਾਣ ਪੁਰ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਉਸ ਤੋਂ ਆਪਣੀ ਨਿਜ ਬਖ਼ਸ਼ੀ ਕਲਾ ਖਿਚ ਲਈ ਸੀ, ਪਰੰਤੂ ਜਦੋਂ ਤਾਈਂ ਇਹ ਕਲਾ ਰਾਮ ਰਾਏ ਅੰਦਰ ਵਰਤੀ ਅਤੇ ਹੁਕਮ ਅੰਦਰ ਵਰਤੀ ਤਦ ਤਾਈਂ ਇਹ ਆਪਣੇ ਪੂਰੇ ਜੋਬਨਾਂ ਵਿਚ ਹੀ ਵਰਤੀ। ਕਿਉਂਕਿ ਓਦੋਂ ਤੀਕ ਇਹ ਕਲਾਧਾਰੀ ਵਾਹਿਗੁਰੂ ਦੀ ਆਪਣੀ ਨਿਜ ਕਲਾ ਹੀ ਸੀ, ਏਸੇ ਪ੍ਰਕਾਰ ਜਦੋਂ ਤਾਈਂ ਰਾਮ, ਕ੍ਰਿਸ਼ਨ, ਨਰਸਿੰਘ ਆਦਿਕ ਅਵਤਾਰਾਂ ਅੰਦਰ ਅਕਾਲ ਪੁਰਖ ਵਰਤਾਈ ਅਤੇ ਬਰਕਤਾਈ ਕਲਾ ਵਰਤੀ ਤਦੋਂ ਤਾਈਂ ਇਹ ਕਲਾ ਪੂਰੇ ਜੋਬਨਾਂ ਵਾਲੀ ਆਕ੍ਰਖਣ ਸ਼ਕਤਿ ਕਲਾ ਸੀ। ਇਸ ਆਕ੍ਰਖਣ ਅਕਲ ਕਲਾ ਦੇ ਅੰਦਰ ਹੋਣ ਕਰਿ "ਤੈਥੋਂ ਹੀ ਬਲ ਰਾਮ ਲੈ" ਗੁਰਵਾਕ ਦੇ ਭਾਵ ਅਨੁਸਾਰ ਸ੍ਰੀ ਰਾਮਚੰਦਰ ਜੀ ਨੇ ਸ਼ਕਤੀਮਾਨ ਬਣ ਕੇ 'ਨਾਲਿ ਬਾਣਾ ਦਹਿਸਿਰ ਘਾਇਆ' ਅਰਥਾਤ ਰਾਵਣ ਜੈਸੇ ਮਹਾਂ ਬਲੀ ਨੂੰ ਸੰਘਾਰ ਸਿਟਿਆ ਅਤੇ ਏਸੇ ਹੀ ਅਕਾਲ ਪੁਰਖ-ਪਰਦਾਨਣੀ ਸ਼ਕਤ-ਕਲਾ ਦੇ ਕਾਰਨ "ਤੈਥੋਂ ਹੀ ਬਲ ਕ੍ਰਿਸ਼ਨ ਲੈ" ਦੇ ਸ੍ਰੀ ਦਸਮੇਸ਼ ਮੁਖਵਾਕ ਭਾਵ ਅਨੁਸਾਰ ਸ੍ਰੀ ਕ੍ਰਿਸ਼ਨ ਜੀ ਨੇ ਬਲਵਾਨ ਬਣ ਕੇ "ਕੰਸ ਕੇਸੀ ਪਕੜਿ ਗਿਰਾਇਆ।" ਅਰਥਾਤ ਕੰਸ ਜਿਹੇ ਅਜਿਤ ਜੋਧੇ ਨੂੰ ਫੜ ਕੇ ਪਛਾੜ ਮਾਰਿਆ ਅਤੇ ਅਕਾਲ ਪੁਰਖ ਦੀ ਨਿਵਾਜੀ ਏਸੇ ਮਹਾਂ ਕਾਲ ਕਾਲਕਾ ਰੂਪ ਕਲਾ-ਸ਼ਕਤੀ ਦੇ ਬਲ ਚੰਡਕਾ (ਦੁਰਗਾ) ਨੇ ਬੜੇ ਬੜੇ ਕਵੀ-ਹੈਕਲ ਦਾਨਵ ਦੈਂਤਾਂ ਦਾ ਨਾਸ ਕੀਤਾ। ਸੱਚ ਮੁਚ ਜਦ ਤਾਈਂ ਇਹ ਮਹਾਂਕਾਲ ਅਕਲ ਕਲਾ, ਅਕਾਲ ਪੁਰਖ ਦੀ ਤਿਨ੍ਹਾਂ ਦੁਸ਼ਟ ਦਮਨ ਅਵਤਾਰਾਂ ਅੰਦਰ ਵਰਤਦੀ ਰਹੀ ਤਦ ਤਾਈਂ ਇਹ ਕਲਾ ਪੂਰਨ ਆਕ੍ਰਖਣ ਕਲਾ ਭਰ ਜੋਬਨੀ ਜ਼ਾਹਰ ਕਲਾ, ਜ਼ਾਹਰ ਜ਼ਹੂਰ ਨੂਰ ਅਫਸੂਰ ਕਲਾ ਹੀ ਸੀ। ਦੁਰਗਾ



www.AKJ.Org

ਦੇ ਜੋਬਨ ਜੁਆਲ ਅਤੇ ਬਿਕਰਾਲ ਰੂਪ ਨੂੰ ਦੇਖ ਕੇ ਹੀ ਮਹਖੇ ਦੈਂਤ ਆਦਿ ਸਾਰੇ ਦੰਗ ਰਹਿ ਗਏ ਅਤੇ ਦਮਨ ਹੋ ਗਏ। ਨਰਸਿੰਘ ਦੇ ਭਿਆਨ ਅਤੇ ਤੇਜ-ਪ੍ਰਚੰਡ ਸਰੂਪ ਦੇ ਚਮਤਕਾਰੇ ਮਾਤਰ ਨਾਲ ਹੀ ਸੱਨਾਟਾ ਛਾ ਗਿਆ ਅਤੇ ਇਕ ਨੌਂਧਰ ਨਾਲ ਹੀ ਹਰਨਾਖਸ਼ ਦੁਸ਼ਟ ਖੈ ਹੋ ਗਿਆ। ਅਕਾਲ-ਬਲ-ਪਰਵੇਸ਼ਣੀ ਅਕਲ-ਕਲਾ ਵਰੋਸਾਏ ਸ੍ਰੀ ਰਾਮ ਚੰਦਰ ਜੀ ਦੇ ਕਲਾ-ਕ੍ਰਿਸ਼ਮੀ ਬਾਣਾਂ ਨਾਲ, ਕਦੇ ਕਿਸੇ ਮਹਾਂ ਜੋਧੇ ਤੋਂ ਨਾ ਘਾਇਆ ਜਾਣ ਵਾਲਾ ਰਾਵਣ ਘਾਇਆ ਗਿਆ। ਸੰਸਾਰ ਭਰ ਦੇ ਮਹਾਂ ਜੋਧਿਆਂ ਤੋਂ ਕਦੇ ਨਾ ਹਾਰਨ ਵਾਲਾ ਕੰਸ ਸ੍ਰੀ ਕ੍ਰਿਸ਼ਨ ਦੀ ਕਲਾ-ਕ੍ਰਿਸ਼ਮੀ ਛੋਹ ਨਾਲ ਹੀ ਛੈ ਹੋ ਗਿਆ। ਹਾਂ ਜੀ ਕਲਾ-ਕ੍ਰਿਸ਼ਮੀ ਛੋਹ ! ਅਕਾਲ ਪੁਰਖ ਦੀ ਬਰਕਤ ਦੁਆਰਾ ਕ੍ਰਿਸ਼ਮਣ ਹੋਈ ਆਕ੍ਰਖਣ ਹੋਈ ਕਲਾ ਕ੍ਰਿਸ਼ਮੀ ਕਲਾ। ਇਹ ਉਸ ਸਮੇਂ ਸ੍ਰੀ ਕ੍ਰਿਸ਼ਨ ਜੀ ਦੇ ਵਜੂਦ ਅੰਦਰ ਆਪਣੇ ਪੂਰੇ ਜੋਬਨਾਂ ਵਿਚ ਸੀ। ਇਸ ਦੀ ਇਕੋ ਛੋਹ ਨਾਲ ਹੀ ਬੇੜੇ ਪਾਰ ਹੋ ਜਾਂਦੇ ਸਨ।

(੨)

ਭਾਵੇਂ ਰਾਮ ਕ੍ਰਿਸ਼ਨ ਆਦਿਕ ਅਵਤਾਰਾਂ ਦੀ ਇਸ ਕਲਾ-ਕ੍ਰਿਸ਼ਮੀ ਛੋਹ ਦੁਆਰਾ ਹੀ ਖ਼ਾਸ ਖ਼ਾਸ ਗਿਣਤੀ ਮਿਣਤੀ ਦੇ ਜੀਵਾਂ, ਆਕ੍ਰਖਣੇ ਗਏ ਅਹਿਲਿਆ, ਕੁਬਜਾ ਤੇ ਗੋਪੀਆਂ ਆਦਿਕ ਜੀਵਾਂ ਦਾ ਉਧਾਰ ਹੋਣਾ ਮਖਸੂਸ ਹੈ ਸੀ; ਪਰੰਤੂ ਜਗਤ-ਜਲੰਦੇ ਸਮਗਰ ਅਧਿਕਾਰੀ ਜੀਵਾਂ ਦਾ ਤਤ-ਉਧਾਰ ਕੇਵਲ ਗੁਰੂ ਅਵਤਾਰ ਦੁਆਰਾ, ਸਤਿਨਾਮ ਦੇ ਜੀਅ-ਦਾਨ ਜੋਤਿ-ਜੁਗਤਣੀ ਪਾਰਸ-ਕਲਾ ਪਰਵੇਸ਼ ਦੇ ਅਧਾਰ ਉਤੇ ਹੀ ਮਬਨੀ ਅਤੇ ਮਹਸੂਸ ਹੈ।

ਲੇਖ ਦੀ ਲੜੀ ਜੋੜੀ ਰਖਣ ਲਈ ਇਥੇ ਜੋ ਗੱਲ ਦਰਕਾਰ ਹੈ, ਉਹ ਇਹ ਹੈ ਕਿ ਅਵਤਾਰਾਂ ਅੰਦਰ ਆਤਮ-ਜੋਤਿ-ਕਲਾ ਬਲ ਤੇਜ ਪਰਤਾਪ-ਕਲਾ ਜੋ ਸੀ, ਅਤੇ ਜਿਤਨਾ ਚਿਰ ਉਨ੍ਹਾਂ ਦੇ ਅੰਦਰ ਰਹੀ ਉਹ ਅਕਾਲ ਪੁਰਖ ਦੀ ਕਲਾ, ਜਾਂ ਐਉਂ ਕਹੋ ਕਿ ਅਕਾਲ ਪੁਰਖ ਦੀ ਨਿਜ ਵਰਤਾਈ ਕਲਾ ਸੀ। ਅਕਾਲ ਪੁਰਖ ਵਲੋਂ ਹੀ ਕਲਾ-ਕ੍ਰਿਸ਼ਮੀ ਪ੍ਰਭਾਵਾਂ ਦੇ ਵਰਤਣ ਕਾਰਨ ਦੁਸ਼ਟਾਂ ਦਾ ਖੈ ਅਤੇ ਭਗਤਾਂ ਦੀ ਜੈ ਬਿਜੈ ਹੋਣ ਨੂੰ ਸਿਧੇ ਤੌਰ ਪਰ (directly) ਅਕਾਲ ਪੁਰਖ ਦੀ ਜ਼ਾਤ ਨਾਲ ਹੀ ਮਨਸੂਬ ਕੀਤਾ ਜਾਂਦਾ ਹੈ। ਜੈਸਾ ਕਿ—

ਹਰਿ ਜੁਗੁ ਜੁਗੁ ਭਗਤ ਉਪਾਇਆ, ਪੈਜ ਰਖਦਾ ਆਇਆ ਰਾਮ ਰਾਜੇ॥ ਹਰਣਾਖਸੁ ਦੁਸਟੁ ਹਰਿ ਮਾਰਿਆ, ਪ੍ਰਹਲਾਦੁ ਤਰਾਇਆ॥

ਆਦਿਕ ਗੁਰ-ਪ੍ਰਮਾਣਾਂ ਦੀ ਪੁਸ਼ਟੀ ਤੋਂ ਸਿਧ ਹੈ ਕਿ ਅਕਾਲ ਪੁਰਖ ਦੀ ਪਰਤੱਖ ਕਲਾ ਵਰਤਣ ਕਰ, ਸਭ ਕਲਾ-ਕ੍ਰਿਸ਼ਮੀ-ਕਉਤਕ ਕਾਰਨਾਮੇ ਅਕਾਲ ਪੁਰਖ ਦੇ ਨਾਮ ਨਾਲ ਹੀ ਮਨਸੂਬ ਕੀਤੇ ਜਾਂਦੇ ਹਨ, ਜੈਸੇ ਕਿ "ਤੈਂ ਹੀ ਦੁਰਗਾ ਸਾਜਿ ਕੈ, ਦੈਤਾਂ ਦਾ ਨਾਸ ਕਰਾਇਆ" ਆਦਿਕ ਸ੍ਰੀ ਮੁਖਵਾਕਾਂ ਦਾ ਭਾਵ ਪ੍ਰਸਿਧ ਹੈ; ਜੁਗਾਂ ਜੁਗਾਂਤਰ ਆਦਿ ਜੁਗਾਦਿ ਅਕਾਲ ਪੁਰਖ ਦੀ ਕ੍ਰਿਸ਼ਮ-ਕਲਾ ਦਾ ਜ਼ਾਹਰ ਜ਼ਹੂਰ ਵਰਤਾਰਾ ਹੀ ਸਨਮਾਨਿਆ ਪਰਮਾਨਿਆ ਜਾਂਦਾ ਰਿਹਾ ਹੈ। ਕਰਨ ਕਾਰਨ ਸਮਰਥ ਸਰਬ ਕਲਾ ਭਰਪੂਰ ਆਦਿ ਪੁਰਖ ਕਰਤਾਰ ਨਾਲ ਹੀ ਮਨਸੂਬ ਕੀਤੇ ਜਾਂਦੇ ਰਹੇ ਹਨ। ਏਸੇ ਕਲਾ-ਸੰਪੂਰਨ, ਸੋਲ੍ਹਾਂ ਕਲਾਂ ਸੰਪੂਰਨ ਹੋਣ ਕਰ ਹੀ, ਏਸੇ ਅਕਲ ਕਲਾ ਨੂੰ ਮਨਸੂਬ ਕਰ ਕੇ ਹੀ ਇਸ ਪ੍ਰਕਾਰ ਦੇ ਗੁਰਵਾਕਾਂ ਦੇ ਪ੍ਰਮਾਣ ਗੁਰਬਾਣੀ ਅੰਦਰ ਮਿਲਦੇ ਹਨ:—

ਤੂ ਸਤਿਗੁਰੁ ਚਹੁ ਜੁਗੀ, ਆਪਿ ਆਪੇ ਪਰਮੇਸਰੁ ॥ ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ॥ ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ ॥ ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ......॥

(ਸਵਈਏ ਮਹਲੇ ਚਉਥੇ ਕੇ, ੧੪੦੬

ਏਸੇ "ਆਦਿ ਜੁਗਾਦਿ ਅਨਾਦਿ ਕਲਾ" ਨੂੰ ਮਨਸੂਬ ਕਰ ਕੇ ਹੀ "ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ" ਵਾਲੇ ਗੁਰਬਚਨ ਸ੍ਰੀ ਮੁਖਵਾਕ ਮਹਲਾ ੫ ਦੁਆਰਾ ਉਚਾਰਨ ਹੋਏ ਹਨ, ਏਸੇ ਆਦਿ ਜੁਗਾਦਿ ਕਲਾ ਨਾਲ ਮਨਸੂਬ ਹੋਣ ਕਰਕੇ ਹੀ ਸ੍ਰੀ ਮੁਖਵਾਕ ਮਹਲਾ ਪੰਚਮੇ ਦੁਆਰਾ ਅਗਲੇਰੇ ਬਚਨ ਉਚਾਰਨ ਹੋਏ ਹਨ—

ਨਿਰੰਕਾਰੁ ਆਕਾਰ ਅਛਲ ਪੂਰਨ ਅਬਿਨਾਸੀ॥
ਹਰਖਵੰਤ ਆਨੰਤ ਰੂਪ ਨਿਰਮਲ ਬਿਗਾਸੀ॥
ਗੁਣ ਗਾਵਹਿ ਬੇਅੰਤ, ਅੰਤੁ ਇਕੁ ਤਿਲੁ ਨਹੀ ਪਾਸੀ॥ ਜਾ ਕਉ ਹੋਹਿ ਕ੍ਰਿਪਾਲ,ਸੁ ਜਨ ਪ੍ਰਭ



www.AKJ.Org

ਤੁਮਹਿ ਮਿਲਾਸੀ ॥ ਧੰਨਿ ਧੰਨਿ ਤੇ ਧੰਨਿ ਜਨ,ਜਿਹ ਕ੍ਰਿਪਾਲੁ ਹਰਿ ਹਰਿ ਭਜਉ ॥ ਹਰਿ ਗੁਰੁ ਨਾਨਕੁ ਜਿਨ ਪਰਸਿਅਉ, ਸਿ ਜਨਮ ਮਰਣ ਦੁਹ ਥੇ ਰਹਿਓ ॥੫॥

(ਸਵਯੇ ਸ੍ਰੀ ਮੁਖਵਾਕ ਮ: ੫, ੧੩੮੬

ਤਥਾ—ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ ॥ ਦੂਸਰ ਆਨ ਨਾ ਅਵਰੁ ਪੁਰਖੁ ਪਊਰਾਤਨੁ ਸੁਣੀਐ ॥ ਅੰਮ੍ਰਿਤੁ ਹਰਿ ਕੋ ਨਾਮੁ ਲੈਤ, ਮਨਿ ਸਭ ਸੁਖ ਪਾਏ ॥ ਜੇਹ ਰਸਨ ਚਾਖਿਓ ਤੇਹ ਜਨ ਤ੍ਰਿਪਤਿ ਅਘਾਏ ॥ ਜਿਹ ਠਾਕੁਰੁ ਸੁਪ੍ਰਸੰਨੁ ਭਯੋ, ਸਤ ਸੰਗਤਿ ਤਿਹ ਪਿਆਰੁ ॥ ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤਿਨ੍ ਸਭ ਕੁਲ ਕੀਓ ਉਧਾਰੁ ॥੬॥ (ਪੰਨਾ ੧੩੮੬

ਪੁਨਾ—ਇਸ ਤੋਂ ਅਗਲੇਰੇ ਗੁਰਵਾਕ ਭੀ ਏਸੇ ਆਦਿ ਜੁਗਾਦਿ ਅਨਾਦਿ ਕਲਾ ਨੂੰ ਮਨਸੂਬ ਕਰ ਕੇ ਉਚਾਰਨ ਹੋਏ ਹਨ । ਗੁਰੂ ਅਕਾਲ ਪੁਰਖ ਅੰਦਰ ਅਤੇ ਗੁਰੂ ਜਾਮਿਆਂ ਅੰਦਰ ਵਰਤਮਾਨ, ਓਤਿ ਪੋਤਿ ਵਰਤਮਾਨ ਇਸ ਆਦਿ ਜੁਗਾਦਿ ਅਨਾਦਿ ਕਲਾ ਨੂੰ ਮਨਸੂਬ ਕਰ ਕੇ ਹੀ ਇਹ ਗੁਰਵਾਕ ਉਚਾਰਨ ਹੋਇਆ ਹੈ । ਤਥਾ:—

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥ ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥ ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥ ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥ ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥ ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥੭॥

(ਸਵਈਏ ਮਹਲੇ ਪਹਿਲੇ ਕੇ,੧੩੯੦

(੩)

ਕਵਲ ਨੈਨ ਮਧੁਰ ਬੈਨ, ਕੋਟਿ ਸੈਨ ਸੰਗ ਸੋਭ, ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ ॥ ਦੇਖਿ ਰੂਪੁ ਅਤਿ ਅਨੂਪੁ, ਮੋਹ ਮਹਾ ਮਗ ਭਈ, ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ ॥ ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ, ਈਸੁ ਬੰਮ੍ਹ ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ ॥ ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੧॥੬॥

(ਸਵਈਏ ਮਹਲੇ ਚਉਥੇ ਕੇ, ੧੪੦੨

ਪਿਛਲੀ ਤੁਕ ਇਸ ਸਵਈਏ ਦੀ ਵਿਆਖਿਆ ਦੀ ਅਸਥਾਈ ਰੂਪ ਕੁੰਜੀ ਹੈ ।

"ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥" ਦੇ ਮੁਖ ਮੂਲ ਸਰੂਪ-ਲਖਸ਼ਣੀ ਵਿਸ਼ੇਸ਼ਣ ਵਾਸਤੇ ਅਕਾਲ ਪੁਰਖ ਦੇ ਸਨਮੁਖ ਉਸਤਤੀ ਇਸ ਗੁਰਵਾਕ ਦੀ ਅੰਤਲੀ ਤੁਕ ਅੰਦਰ ਇਸ ਬਿਧ ਉਚਾਰੀ ਗਈ ਹੈ ਕਿ ਹੇ ਤਤ ਸਤ ਸਰੂਪ ਵਾਲੇ ਸਤਿ-ਪੁਰਖ ਤੇ ਆਦਿ ਸਚੁ, ਹੈ ਭੀ ਸਚੁ ਤੇ ਹੋਸੀ ਭੀ ਸਚੁ, ਸਰੂਪ ਵਾਲੇ ਤੇ ਸਿਰੀ ਸ਼ਕਤੀ ਦਾ ਘਰ, ਅਰਥਾਤ ਸਰਬ ਸ਼ਕਤੀਮਾਨ, ਸਰਬ-ਕਲਾ ਸਮਰਥ, ਆਦਿ ਪੁਰਖ ਪੁਰਖੋਤਮ (ਸਦਾ ਤੀਨ ਕਾਲ ਭੂਤ ਭਵਿਖ ਭਵਾਨ ਅੰਦਰ) ਤੂੰ ਹੀ ਵਾਹਿਗੁਰੂ ਹੈਂ । ਅਰਥਾਤ ਤ੍ਰੈਕਾਲ ਅੰਦਰ ਸਤਿ ਸ਼ਾਚ ਸਚੇ ਨਾਮ (ਸਤਿਨਾਮ) ਵਾਲੇ ਵਾਹਿਗੁਰੂ, ਭਾਵ ਵਾਹਿਗੁਰੂ ਸੁਅਖਰਾਂ ਵਾਚਕ ਸਤਿਨਾਮ (ਸਚੇ ਨਾਮ) ਵਾਲੇ ਅਕਾਲ ਪੁਰਖ ਸਦਾ ਤੂੰ ਹੀ ਹੈਂ, ਸਦਾ ਤੂੰ ਹੀ ਹੈਂ, ਸਦਾ ਤੂੰ ਹੀ ਹੈਂ, ਤੇ ਭੂਤ ਕਾਲ ਵਿਖੇ ਭੀ ਤੇਰਾ ਨਾਮ ਸਚਾ ਨਾਮ ਵਾਹਿਗੁਰੂ ਹੈ, ਭਵਾਨ (ਵਰਤਮਾਨ) ਕਾਲ ਅੰਦਰ ਭੀ ਤੇਰਾ ਨਾਮ ਸਚਾ ਨਾਮ ਵਾਹਿਗੁਰੂ ਅਤੇ ਭਵਿਖਤ ਕਾਲ (ਆਉਣ ਵਾਲੇ ਸਮੇਂ) ਅਨੰਤ ਅਨਾਦਿ ਸ਼ਮੇਂ ਅੰਦਰ ਭੀ ਤੇਰਾ ਸਚਾ ਨਾਮ ਵਾਹਿਗੁਰੂ ਵਾਹਿਗੁਰੂ ਹੀ ਹੈ, ਤੀਨ ਕਾਲ ਵਿਖੇ ਇਹੋ ਨਾਮ ਸਚਾ ਸਤ ਹੋਣ ਕਰਕੇ 'ਵਾਹਿਗੁਰੂ' ਹੀ ਸਤਿਨਾਮ ਹੈ, ਹੇ ਨਾਮੀ ਅਕਾਲ ਪੁਰਖ ! ਤੂੰ ਸਦਾ ਉਸੇ 'ਵਾਹਿਗੁਰੂ' ਰੂਪੀ ਸਤਿਨਾਮ ਨਾਲ ਹੀ ਸਦਾ ਸ਼ਸ਼ੋਭਤ ਹੈਂ । ਤਿੰਨ ਵਾਰ ਵਾਹਿਗੁਰੂ ਨਾਮ ਰੂਪੀ ਸ਼ਬਦ ਦੇ ਰੂਪ ਵਿਚ ਆਉਣ ਕਰ ਇਹੋ ਦ੍ਰਿੜ੍ਹਤਾ ਪ੍ਰੋੜ੍ਹਤਾ ਕਰਾਉਂਦਾ ਹੈ ਕਿ ਇਹ ਸਤਿਨਾਮ ਤ੍ਰੈਕਾਲ ਅਬਾਧ ਹੈ ।

ਚਉਥੀ ਵਾਰ 'ਵਾਹਿ ਜੀਉ' ਕਹਿਣ ਪਰ ਵਾਹਿਗੁਰੂ ਨਾਮ ਦੀ ਮਹਿਮਾ ਵਾਹਿ ਵਿਸਮਾਦ-ਮਈ ਅਨੰਤਤਾ ਵਿਖੇ



www.AKJ.Org

ਹੀ ਸਮਾਏ ਗਈ, ਸੋ ਵਾਕ ਦੀ ਪ੍ਰਿਥਮ ਸਤਰ ਤੋਂ ਹੀ ਵਾਹਿਗੁਰੂ ਨਾਮ ਦੀ ਵਿਸਮਤਾ-ਮਈ ਮਹਿਮਾ ਅਰੰਭ ਹੋਈ। ਹੇ ਅਨੰਤ ਬਿਸਮਤਾ ਦੇ ਮਹਿਮਾ ਵਾਲੀ ਤ੍ਰੈਕਾਲ ਅਬਾਧ ਸਤਤਾ ਵਾਲੇ ਵਾਹਿਗੁਰੂ ! ਸਦਾ ਤੂੰ ਹੀ, ਸਦਾ ਤੂੰ ਹੀ ਹੈਂ, ਸਦਾ ਤੂੰ ਹੀ ਹੈਂ। ਅਤੇ ਆਦਿ ਜੁਗਾਦਿ, ਤੇਰੀ ਆਦਿ ਜੁਗਾਦਿ ਅਨਾਦਿ ਕਲਾ ਹੀ ਵਰਤ ਰਹੀ ਹੈ, ਅਤੇ ਤੇਰੀ ਇਸੇ ਅਮਿਤ ਕਲਾ ਕਰ ਹੀ ਕ੍ਰਿਸ਼ਨ ਅਵਤਾਰ ਦੇ ਸਰੀਰ-ਅਕਾਰੀ ਜਾਮੇ ਅੰਦਰ ਜਨਮ ਤੋਂ ਹੀ ਅਤਿ ਸੁੰਦਰ ਸਰੂਪ ਵਾਲਾ ਪ੍ਰਭਾਵ "ਦਾਤਿ ਜੋਤਿ ਸਭ ਸੂਰਤਿ ਤੇਰੀ" ਗੁਰਵਾਕ ਦੇ ਭਾਵ ਅਨੁਸਾਰ ਅਤਿ ਤੇਜਵੰਤ ਜੋਤਿ-ਦਰਸ਼ਨਾਂ ਦੀ ਆਭਾ ਮਾਰ ਰਿਹਾ ਸੀ। ਉਸ ਦੇ ਬਾਰਕ ਅਨੂਪ ਸਰੂਪੀ ਕਵਲ-ਨੈਨਾਂ ਅੰਦਰ ਭੀ ਤੇਰੀ ਪ੍ਰਭਾ ਹੀ ਪ੍ਰਤਿਬਿੰਬਤ ਹੋ ਰਹੀ ਸੀ । ਉਸ ਦੇ ਸੁੰਦਰ ਮੀਠ ਮਧਰ ਬੈਨਾਂ ਅੰਦਰ ਭੀ ਤੇਰੀ ਕਲਾ-ਕ੍ਰਿਸ਼ਮੀ ਅਧਿਭੁਤ ਅਦਾ ਨਾਜ਼ਨੀ ਸੋਭਾ ਸੁਹਾ ਰਹੀ ਸੀ। ਤੇਰੀ ਕਲਾ ਪ੍ਰਤਾਪ ਕਰ ਹੀ ਕਿ ਜਿਸ ਬਾਲਕ ਬ੍ਰੇਸ ਕ੍ਰਿਸ਼ਨ ਦੇ ਸੰਗ ਕੋਟ ਸੈਨ ਬਿਸਮ ਰੰਗ ਸੋਭ ਰਹੇ ਸਨ, ਇਹ ਕ੍ਰਿਸ਼ਨ ਔਤਾਰੀ ਬਾਲਕ ਤੇਰੀ ਕ੍ਰਿਸ਼ਮ-ਕਲਾ ਕਰ ਹੀ ਇਕ ਅਲੌਕਿਕ ਬਾਲਕ ਸੀ, ਜਿਸ ਨੂੰ ਕਿ ਉਸ ਦੀ ਮਾਂ ਜਸੋਧਾਂ ਮਾਮੂਲੀ ਬਾਲਕ ਵਾਂਗ ਦਹੀ ਭਾਤ ਖਾਣ ਲਈ ਕਹਿੰਦੀ ਫਿਰਦੀ ਸੀ, ਜਿਸ ਦੇ ਅਤਿ ਅਨੂਪ ਰੂਪ ਨੂੰ ਵੇਖ ਵੇਖ ਉਹ ਮੋਹਿਤ ਅਤੇ ਮਗਨ ਹੋ ਹੋ ਜਾਂਦੀ ਸੀ ਜਦੋਂ ਕਿ ਉਹ ਅਨੂਪਮ ਬਾਲਕ ਤੜਾਗੀ ਤੇੜ ਪਾਈ ਛਣਕਾਉਂਦਾ ਖੇਲਦਾ ਫਿਰਦਾ ਹੁੰਦਾ ਸੀ। ਇਹ ਸਭ ਅਕਾਲ ਪੁਰਖ ਵਾਹਿਗੁਰੂ ਤੇਰੀ ਕ੍ਰਿਸ਼ਮ-ਕਲਾ ਦਾ ਨੂਰ ਜ਼ਹੂਰ ਹੈ ਸੀ। ਅਤੇ ਕ੍ਰਿਸ਼ਨ ਜਾਮੇ ਅੰਦਰ ਵਰਤ ਰਹੀ ਤੇਰੀ ਇਸ ਨੂਰ-ਜ਼ਹੂਰੀ ਕਲਾ ਦੀ ਹੀ ਇਹ ਸਾਰੀ ਮਹਿਮਾ ਹੈ। ਕ੍ਰਿਸ਼ਨ ਦੇ ਪੰਜ-ਭੂਤਰੀ ਸਰੀਰ-ਆਕਾਰ ਦੀ ਕੋਈ ਵਡਿਆਈ ਨਹੀਂ। ਇਹ ਤਾਂ ਚਾਰ ਦਿਨ ਦਾ ਚਮਤਕਾਰ ਸੀ, ਖੇਲ ਚੋਜ ਚਮਤਕਾਰ ਸੰਪੂਰਨ ਕਰਾਇ ਜਦੋਂ ਇਹ ਜੋਤਿ ਤੇਜ-ਕਲਾ, ਹੇ ਅਕਾਲ ਪੁਰਖ, ਤੈਂ ਖਿਚ ਲਈ ਤਾਂ ਉਸ ਨਟ-ਪੁਤਲੇ ਦਾ ਬਿਨਾਸ ਕਾਲ ਭਇਆ। ਐਸੇ ਕ੍ਰਿਸ਼ਨ ਸਾਰਖੇ ਅਵਤਾਰ ਭੀ ਸਭ ਕਾਲ ਚੱਕਰ ਅੰਦਰ ਹਨ। ਹੇ ਅਕਾਲ ਪੁਰਖ, ਇਕ ਤੂੰ ਹੀ ਕਾਲ ਰਹਿਤ ਹੈਂ। ਅਤੇ ਇਹ ਕਾਲ ਰੂਪੀ ਕਲਮ ਅਤੇ ਹੁਕਮ 'ਹੁਕਮੀ ਵਹੇ ਕਲਾਮ' ਗੁਰਵਾਕ ਦੇ ਭਾਵ ਅਨੁਸਾਰ, ਹੇ ਹੁਕਮੀ ਅਕਾਲ ਪੁਰਖ, ਤੇਰੇ ਹੀ ਹੱਥ ਹੈ। ਇਸ ਨੂੰ ਕਹੋ ਕਉਣ ਮੇਟ ਸਕਦਾ ਹੈ, ਅਰਥਾਤ ਕੋਈ ਨਹੀਂ ਮੇਟ ਸਕਦਾ। ਜਿਸ ਕਾਲ-ਰਹਿਤ ਅਕਾਲ ਪੁਰਖ ਦੇ ਗਿਆਨ ਧਿਆਨ ਦੀ ਬ੍ਰਹਮਾ ਅਤੇ ਸ਼ਿਵ ਮਹੇਸ਼ ਜੈਸੇ ਆਪਣੇ ਹੀਏ (ਹਿਰਦੇ) ਅੰਦਰ ਚਾਹਨਾ ਰਖਦੇ ਹਨ, ਉਹ ਤ੍ਰੈਕਾਲ ਅਬਾਧ, ਸਦਾ ਸਤਿ, ਆਦਿ ਜੁਗਾਦਿ ਸਤਿ ਰਹਿਣ ਵਾਲਾ 'ਹੈ ਭੀ ਹੋਸੀ' ਸਰੂਪ ਤੇ ਸ੍ਰੀ ਨਿਵਾਸ* ਆਦਿ ਪੁਰਖ, ਅਕਾਲ ਪੁਰਖ ਜੋ ਸਦਾ ਤੂੰ ਹੀ ਹੈਂ, ਜਿਸ ਨੂੰ ਕਿ ਸਤਿਨਾਮ (ਸਚੇ ਨਾਮ) ਵਾਹਿਗੁਰੂ ਦਾ ਜਾਪ ਕਰ ਕਰ ਅਰਥਾਤ **ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਦੀ ਅਥਾਹ ਜਾਪ-ਧੁਨੀ ਕਰਿ ਆਰਾਧਿਆ ਜਾਂਦਾ ਹੈ। ਹੱਤਾਕਿ ਇਹ ਧੁਨੀ ਵਿਸਮਾਦ ਵਿਖੇ ਜਾ ਸਮਾਉਂਦੀ ਹੈ :–**

> ਰਾਮ ਨਾਮ ਪਰਮ ਧਰਮ ਸੁਧ ਬੁਧ ਨਿਰੀਕਾਰ, ਬੇਸੁਮਾਰ ਸਰਬਰ ਕਉ ਕਾਹਿ ਜੀਉ ॥ ਸੁਥਿਰ ਚਿਤ ਭਗਤ ਹਿਤ ਭੇਖੁ ਧਰਿਓ ਹਰਨਾਖਸੁ ਹਰਿਓ ਨਖ ਬਿਦਾਰਿ ਜੀਉ ॥ ਸੰਖ ਚਕ੍ਰ ਗਦਾ ਪਦਮ ਆਪਿ ਆਪੁ ਕੀਓ ਛਦਮ, ਅਪਰੰਪਰ ਪਾਰਬ੍ਰਹਮ ਲਖੈ ਕਉਨੁ ਤਾਹਿ ਜੀਉ ॥ ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥
>
> (ਪੰਨਾ ੧੪੦੨

ਤੇਰਾ ਇਹ ਵਾਹਿਗੁਰੂ ਨਾਮ, ਹੇ ਰਮਤ ਰਾਮ ! ਤੇਰੇ ਭਗਤਾਂ ਦਾ ਪਰਮ ਧਾਮ ਹੈ। ਭਾਵੇਂ ਪਰਮ ਧਾਮ ਆਦਰਸ਼ੀ ਨਾਮ ਇਹੋ ਸਤਿਨਾਮ ਹੈ, ਜੋ ਸੁਧ ਬੁਧ ਅਗੋਚਰ ਨਿਰੀਕਾਰ ਅਤੇ ਬੇਸ਼ੁਮਾਰ ਹੈ।

ਇਸ ਦੇ ਸਮਸਰ (ਬਰਾਬਰ) ਹੋਰ ਕੋਈ ਨਾਮ ਨਹੀਂ। ਐਸੇ ਨਾਮ ਵਾਲੇ ਹੇ ਨਾਮੀ ਅਕਾਲ ਪੁਰਖ ! ਤੈਂ ਸੁਧ (ਸੁਥਿਰ ਚਿਤ ਦੇ) ਭਗਤ ਪ੍ਰਹਿਲਾਦ ਹਿਤ ਨਰਸਿੰਘ ਦਾ

---

*ਸ੍ਰੀ ਨਿਵਾਸ—ਜਿਸ ਦੇ ਅੰਦਰ ਪੂਰਨ ਸ਼ਕਤੀ ਦਾ ਨਿਵਾਸ ਹੋਵੇ।



www.AKJ.Org

ਰੂਪ (ਭੇਖ) ਰਚ ਧਰਿਆ ਅਤੇ ਹਰਨਾਖਸ਼ ਦੈਂਤ ਨੂੰ ਉਸ ਨਰਸਿੰਘ ਰੂਪ ਨੇ ਨਵ੍ਹਾਂ ਨਾਲ ਹੀ ਮਾਰ ਬਿਦਾਰਿਆ। ਇਹ ਸਭ ਤੇਰੀ ਕਲਾ ਦਾ ਹੀ ਜ਼ਹੂਰ ਸੀ। ਸੰਖ ਚਕਰ, ਗਦਾ, ਪਦਮ ਦੇ ਚਿੰਨ੍ਹਾਂ ਵਾਲੇ ਵਿਸ਼ਨੂੰ ਅਵਤਾਰ ਨੂੰ ਤੈਂ ਉਪਾ ਕੇ ਆਪਣੇ ਸਰੂਪ ਵਿਖੇ ਹੀ ਛੁਪਾ ਸਮਾ ਲਿਆ। ਹੇ ਐਸੇ ਅਪਰੰਪਰ ਪਾਰਬ੍ਰਹਮ ਅਕਾਲ ਪੁਰਖ ! ਤੈਨੂੰ ਕਉਣ ਲਖੇ, ਅਰਥਾਤ ਕੋਈ ਨਹੀਂ ਲਖ ਸਕਦਾ। ਤੂੰ ਸਦਾ ਹੀ ਸਤਿ ਹੈਂ, ਸਦਾ ਹੀ ਸਚ ਸਰੂਪ ਹੈਂ, ਸਰਬ ਕਲਾ ਸਮਰੱਥ, ਸਰਬ ਸ਼ਕਤੀਮਾਨ ਪਰੰਪਰਾ ਤੋਂ ਹੀ ਚਲਿਆ ਆਇਆ ਆਦਿ ਅਨਾਦਿ ਜੁਗਾਦਿ ਪੁਰਖ ਸਦਾ ਤੂੰ ਹੀ ਹੈਂ। **ਹੇ ਸਾਹਿਬਾ ! ਤੇਰਾ ਬਿਸਮਾਦੀ ਨਾਮ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਰਟਦਿਆਂ ਰਟਦਿਆਂ ਅਸੀਂ ਤੇਰੇ ਬਿਸਮਾਦ ਸਰੂਪ ਵਿਖੇ ਲੀਨ ਹੋਏ ਰਹੀਏ—**

> ਪੀਤ ਬਸਨ ਕੁੰਦ ਦਸਨ ਪ੍ਰਿਆ ਸਹਿਤ ਕੰਠ ਮਾਣ, ਮੁਕਟੁ ਸੀਸਿ ਮੋਰ-ਪੰਖ ਚਾਹਿ ਜੀਉ ॥ ਬੇਵਜੀਰ ਬਡੇ ਧੀਰ, ਧਰਮ ਅੰਗ ਅਲਖ ਅਗੰਮ, ਖੇਲੁ ਕੀਆ ਆਪਣੈ ਉਛਾਹਿ ਜੀਉ ॥ ਅਕਥ ਕਥਾ ਕਥੀ ਨ ਜਾਇ, ਤੀਨਿ ਲੋਕ ਰਹਿਆ ਸਮਾਇ, ਸੁਤਹ ਸਿਧ ਰੂਪੁ ਧਰਿਓ ਸਾਹਨ ਕੈ ਸਾਹਿ ਜੀਉ ॥ ਸਤਿ ਸਾਚੁ ਸ੍ਰੀ ਨਿਵਾਸੁ, ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੩॥੮॥
>
> (ਪੰਨਾ ੧੪੦੨—੩

ਫੇਰ ਪੀਤ ਬਸਨ ਕੁੰਦ ਦਸਨ ਮੁਕਟ ਸੀਸ ਮੋਰ ਪੰਖ ਆਦਿਕ ਚਿੰਨ੍ਹਾਂ ਵਾਲੇ ਸੀਆ ਸੁਆਮੀ ਰਾਮਾ ਅਵਤਾਰ ਦਾ ਆਪਣੀ ਰੁਚ ਉਛਾਹ ਅਨੁਸਾਰ ਰੂਪ ਰਚ ਕੇ ਉਸ ਅੰਦਰ ਭੀ ਆਪਣੀ ਨੂਰ ਜ਼ਹੂਰੀ ਕਲਾ ਵਰਤਾਈ; ਹੇ "ਬੀਓ ਪੂਛਿ ਨ ਮਸਲਤਿ ਧਰੈ ॥ ਜੋ ਕਿਛੁ ਕਰੈ ਸੁ ਆਪਹਿ ਕਰੈ" ਗੁਰਵਾਕ ਭਾਵ ਦੀ ਸ੍ਵੈ-ਸਮਰਥਾ ਵਾਲੇ ਬੇ-ਵਜ਼ੀਰ (ਵਜ਼ੀਰ ਆਦਿਕ ਮਸ਼ੀਰਕਾਰਾਂ) ਦੀ ਸਹਾਇਤਾ ਤੋਂ ਅਲੋੜ ਅਤੇ ਬੇਪਰਵਾਹ ਵਡੇ ਧੀਰਜ-ਪੁੰਜ ਅਤੇ ਧਰਮ-ਧੁਜਾ ਵਾਲੇ ਅਲੱਖ ਅਤੇ ਅਗੰਮ ਪਾਰਬ੍ਰਹਮ ! ਇਹ ਸਭ ਖੇਲ ਭੀ ਤੈਂ ਆਪਣੇ ਉਛਾਹ ਉਤਸ਼ਾਹ ਅਧੀਨ ਹੋ ਕੇ ਹੀ ਕੀਤਾ। ਤੇਰੀ ਅਕਥ ਕਥਾ ਕਥੀ ਨਹੀਂ ਜਾ ਸਕਦੀ, ਤੂੰ ਤੀਨ ਲੋਕ ਵਿਖੇ ਸਮਾ ਰਿਹਾ ਹੈਂ, ਹੇ ਸ਼ਾਹਿਨ ਕੇ ਸ਼ਾਹ ! **ਤੂੰ ਸੁਤੇ ਸਿਧ ਹੀ ਇਸ ਕਲੂ ਕਾਲ ਵਿਖੇ ਗੁਰੂ ਜਾਮੇ ਰੂਪੀ ਸਰੂਪ ਧਾਰਨ ਕੀਤਾ ਹੈ ਅਰਥਾਤ ਗੁਰ ਅਵਤਾਰ ਹੋ ਕੇ ਕਲਾਧਾਰੀ ਬਣਿਆ ਹੈਂ, ਪ੍ਰਿਥਮ ਜੁਗਾਂ ਅੰਦਰ ਤੈਂ ਲੀਲ੍ਹਾ-ਧਾਰੀ ਅਵਤਾਰ-ਜਾਮੇ ਉਪਾਏ ਅਤੇ ਕਲਿਜੁਗ ਅੰਦਰ ਤੈਂ ਪੂਰਨ ਜਗ ਮਗ ਜੋਤਿ-ਕਲਾ-ਧਾਰੀ ਗੁਰੂ ਅਵਤਾਰ, ਜੀਅ ਦਾਨ ਦੇਣਹਾਰ ਸੱਚੇ ਉਪਕਾਰ ਵਾਲਾ ਸਤਿਨਾਮ ਚੱਕਰ ਸਾਰੇ ਸੰਸਾਰ ਅੰਦਰ ਫਿਰਾਉਣ ਹਿਤ ਅਸਥਿਰ ਕਰਾਇ,** ਹੇ "ਸਤਿ ਸਾਚੁ ਸਿਰੀ ਨਿਵਾਸੁ ਆਦਿ ਪੁਰਖੁ ਸਦਾ ਤੂੰ ਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ" !

ਇਸ ਪ੍ਰਕਾਰ ਇਨ੍ਹਾਂ ਸਵੱਈਆਂ ਅੰਦਰ ਕੇਵਲ ਗੁਰੂ ਅਕਾਲ ਪੁਰਖ ਦੀ ਅਕਲ ਕਲਾ ਜੁਗੋ ਜੁਗ ਉਪਾਏ ਅਵਤਾਰਾਂ ਅੰਦਰ ਵਰਤਾਏ ਬਿਨੁਮਾਏ ਅਕਲ ਕਲਾ ਦਾ ਨੂਰ ਜ਼ਹੂਰ ਹੀ ਵਰਨਣ ਹੈ। ਗੁਰਮਤਿ ਮਤਿ ਤੋਂ ਸੁੰਞੇ ਅਲਪ ਬੁਧੀ ਵਾਲੇ ਅਨਜਾਣਾਂ ਦੇ ਭਾਣੇ ਇਹਨਾਂ ਸਵੱਈਆਂ ਦਾ ਪਾਠ ਗੁਰਸਿਖਾਂ ਨੂੰ ਅਵਤਾਰ-ਭਗਤ ਬਣਾ ਦਿੰਦਾ ਹੈ, ਤਾਂ ਤੇ ਉਨ੍ਹਾਂ ਗੁਰਮਤਿ-ਅਗਿਆਤ ਪੁਰਸ਼ਾਂ ਦੇ ਨਿਕਟ ਇਹ ਭਟ-ਬਾਣੀ ਦੇ ਨਾਮ ਨਾਲ ਪਰਸਿਧ ਬਾਣੀ ਅਵਤਾਰ-ਉਪਾਸ਼ਨਾ ਦ੍ਰਿੜ੍ਹਾਉਣ-ਹਾਰੀ ਹੋਣ ਕਰ ਗੁਰਬਾਣੀ ਨਹੀਂ। ਉਕਤ ਤੁਛ ਬੁਧੀ ਪੁਰਸ਼ ਇਨ੍ਹਾਂ ਸਵੱਈਆਂ ਅੰਦਰ ਆਏ ਕੰਵਲ ਨੈਣ, ਮਧੁਰ, ਪੀਤ ਬਸਨ, ਕੁੰਦ ਦਸਨ ਆਦਿ ਪਦ ਦੇਖ ਕੇ ਅਨੁਮਾਨ ਕਰ ਬੈਠੇ ਕਿ ਇਹ ਤਾਂ ਹਿੰਦੂਆਂ ਦੇ ਅਵਤਾਰਾਂ ਦੀ ਭਗਤ-ਮਹਿਮਾ ਦ੍ਰਿੜ੍ਹਾਉਂਦੇ ਹਨ; ਤਾਂ ਤੇ ਉਹ ਅਨ-ਮਤੀਆਂ ਦੇ ਅਟੇਕਾਂ ਤੋਂ ਅਟੰਕ ਹੋਣ ਲਈ ਡਰਦੇ ਮਾਰੇ ਇਸ ਬਾਣੀ ਨੂੰ ਗੁਰਬਾਣੀ ਮੰਨਣੋਂ ਹੀ ਇਨਕਾਰੀ ਹੋ ਬੈਠੇ। ਪਰੰਤੂ ਵਾਸਤਵ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਗਰ ਬਾਣੀ ਦੇ ਨਾਲ ਹੀ ਇਸ ਬਾਣੀ ਦਾ ਅੰਤਰੀਵੀ ਭਾਵ ਇੰਨ ਬਿੰਨ ਮਿਲਦਾ ਹੈ, ਖਿਚ ਪਾੜ ਕਰ ਕੇ ਇਨ੍ਹਾਂ ਸਵਈਆਂ ਦੇ ਅਰਥਾਂ ਨੇ ਅਰਥਾਉਣ ਦੀ ਲੋੜ



www.AKJ.Org

ਨਹੀਂ, ਤਤ ਭਾਵ ਬਿਵਸਥਾ ਦੇ ਚਾਨਣੇ ਅੰਦਰ ਸੁਤੇ ਸਿਧ ਬਿਨਾਂ ਗੁੰਝਲ ਦੇ ਅਰਥ ਖੁਲ੍ਹ ਜਾਂਦੇ ਹਨ, ਜੋ ਐਨ ਗੁਰਮਤਿ ਆਸ਼ੇ ਦੇ ਅਨਕੂਲ ਸਮਗਰ ਬਾਣੀ ਦੇ ਭਾਵ ਦੇ ਅਨੁਸਾਰ ਹਨ ਅਤੇ "ਤੈ ਹੀ ਦੁਰਗਾ ਸਾਜ ਕੈ" ਵਾਲੇ ਸ੍ਰੀ ਦਸਮੇਸ਼ ਵਾਕ ਤੇ "ਜੁਗੁ ਜੁਗੁ ਭਗਤ ਉਪਾਇਆ" ਗੁਰਵਾਕ ਦੇ ਅਸਲ ਭਾਵ ਦਾ, ਇਹ ਸਵੱਈਏ ਤਤ ਅਨੁਵਾਦ ਹਨ।

ਸਮੂੰਹ ਅਵਤਾਰਾਂ ਤੇ ਕੋਟ ਬ੍ਰਹਿਮੰਡਾਂ ਦੇ ਮਾਲਕ (ਠਾਕੁਰ ਸੁਆਮੀ) ਅਕਾਲ ਪੁਰਖ ਨੂੰ ਨਾ ਸਿਰਫ਼ ਇਸ ਬ੍ਰਹਿਮੰਡ ਦਾ ਤਤ ਉਧਾਰ ਮਨਜ਼ੂਰ ਹੈ, ਬਲਕਿ ਆਪਣੀ ਸਰਬ ਰਚਨਾ, ਇਸ ਬ੍ਰਹਿਮੰਡ ਸਾਰਖੇ ਕੋਟ ਆਨ ਬ੍ਰਹਿਮੰਡਾਂ ਦਾ, ਤਤ ਉਧਾਰ ਭੀ ਐਨ ਏਸੇ ਪ੍ਰਕਾਰ ਹੀ ਮਨਜ਼ੂਰ ਹੈ ਜੈਸੇ ਕਿ ਇਸ ਜੁਗ ਕਲਜੁਗ ਅੰਦਰ ਇਸ ਬ੍ਰਹਿਮੰਡ ਦਾ ਤਤ ਉਧਾਰ ਕੀਤਾ। ਅਤੇ ਤਤ ਉਧਾਰ ਕੇਵਲ ਸਤਿਨਾਮ ਦੁਆਰਾ ਹੀ ਹੋ ਸਕਦਾ ਹੈ, ਤਾਂ ਤੇ ਜਦ ਕਦੇ ਭੀ ਜਿਸ ਕਿਸੇ ਅਤੇ ਜਿਤਨੇ ਬ੍ਰਹਿਮੰਡ-ਖੰਡਾਂ ਦਾ ਤਤ ਉਧਾਰ ਅਕਾਲ ਪੁਰਖ ਨੂੰ ਕਰਨਾ ਮਨਜ਼ੂਰ ਹੋਇਆ, ਤਾਂ ਕੇਵਲ ਸਤਿਨਾਮ ਦਾ ਚਕਰ ਫਿਰਾ ਕੇ ਹੀ ਕੀਤਾ, ਕਰੇਗਾ ਅਤੇ ਕਰ ਰਿਹਾ ਹੈ। ਸਤਿਨਾਮ ਬਿਨਾਂ ਤਤ ਉਧਾਰ ਮੁਮਕਿਨ ਹੀ ਨਹੀਂ। ਅਤੇ ਸਤਿਨਾਮ ਦਾ ਚਕਰ ਫਿਰਾਉਣ ਲਈ ਗੁਰੂ ਨਾਨਕ ਸਦਰਸ ਗੁਰ ਅਵਤਾਰ ਹੀ ਸਮਰਥ ਹਨ। ਅਤੇ ਜੁਗਾਂ ਜੁਗਾਂਤਰੀ ਗੁਰੂ-ਜੋਤਿ-ਜਾਮੇ, ਤਤ ਉਧਾਰ ਕਲਾ-ਧਾਰੀ ਗੁਰੂ-ਜੋਤਿ ਜਾਮੇ, ਕੋਟ ਬ੍ਰਹਿਮੰਡਾਂ ਦਾ ਉਧਾਰ ਕਰਨ ਨਮਿਤ ਜਦ ਭੀ ਹੋਏ ਹਨ ਅਤੇ ਹੋਸਨ, ਤਾਂ ਕੇਵਲ ਗੁਰੂ ਨਾਨਕ ਸਰੂਪ ਵਿਚ ਹੀ ਹੋਏ ਹਨ, ਅਤੇ ਹੋਸਨ। ਤੁਸੀਂ ਖ਼ਿਆਲ ਕਰੀ ਬੈਠੇ ਹੋਵੋਗੇ ਕਿ ਗੁਰੂ ਨਾਨਕ ਸਾਹਿਬ ਜੀ ਜੋਤੀ ਜੋਤਿ ਸਮਾਏ ਹਨ। ਇਸ ਬ੍ਰਹਿਮੰਡ ਦਾ ਤਤ ਉਧਾਰ ਹੁਕਮ ਵਰਤਾ ਕੇ ਅਵੇਸਲੇ ਹੋ ਬੈਠੇ। ਐਨ ਜੋਤੀ ਜੋਤਿ ਸਮਾਉਣ ਸਮੇਂ ਅਜਿਹੇ ਕਿਸੇ ਹੋਰ ਬ੍ਰਹਿਮੰਡ ਦੇ ਉਧਾਰ ਹਿਤ, ਗੁਰੂ ਨਾਨਕ ਸਮਦਰਸੀ ਦੇ ਅਵਤਾਰ ਕਾਰਨ ਹੀ ਅਵਸ਼ਯ ਲੋੜ ਪਈ ਹੋਸੀ, ਕੀ ਪਤਾ ਅਤੇ ਕਉਣ ਕਹੇ ਕਿ ਕਿਸ ਕਿਸ ਛਿਨ ਅੰਦਰ ਅਤੇ ਇਸ ਛਿਨ ਅੰਦਰ ਗੁਰੂ ਨਾਨਕ ਕਿਸ ਕਿਸ ਬ੍ਰਹਿਮੰਡ ਦਾ ਉਧਾਰ ਕਰ ਰਹੇ ਹੋਣਗੇ। ਕੋਟ ਬ੍ਰਹਿਮੰਡਾਂ ਦੇ ਠਾਕੁਰ ਸੁਆਮੀ ਨੂੰ ਸਭ ਬ੍ਰਹਿਮੰਡਾਂ ਦੇ ਉਧਾਰ ਦਾ ਫ਼ਿਕਰ ਹੈ, ਨਾ ਸਿਰਫ਼ ਇਸ ਬ੍ਰਹਿਮੰਡ ਦੇ ਉਧਾਰ ਦਾ ਹੀ। ਅਤੇ ਇਸ ਉਧਾਰ ਦਾ ਤੱਤ, ਸਤਿਨਾਮ ਦਾ ਚੱਕਰ ਫਿਰਾਉਣ ਤੋਂ ਹੀ ਬਝਦਾ ਹੈ। ਅਤੇ ਸਤਿਨਾਮ ਦਾ ਚੱਕਰ ਫਿਰਾਉਣ ਨੂੰ ਕੇਵਲ ਗੁਰੂ ਨਾਨਕ ਸਾਹਿਬ ਹੀ ਸਮਰਥ ਹਨ, ਜੋ ਆਪਣੇ ਨਾਨਾ ਰੂਪਾਂ ਵਿਚ ਰੂਪ-ਲੀਲ੍ਹਾ ਧਾਰੀ ਹੁੰਦੇ ਹੋਏ ਭੀ ਇਕ ਹਨ। ਅਨੇਕ ਤੋਂ ਏਕ ਹਨ, ਅਨੇਕ ਨਹੀਂ, ਇਕੋ ਹੀ ਰੂਪ 'ਨਾ-ਅਨਿਕ' ਹੋਣ ਕਰ, ਤਾਂ ਗੁਰੂ ਸਤਿਗੁਰੂ ਸਾਹਿਬ ਜੀ ਨਾਨਕ ਨਾਮ ਕਰਕੇ ਪਰਸਿੱਧ ਹਨ। ਤਾਂ ਤੇ ਇਕ ਗੁਰੂ ਨਾਨਕ ਸਾਹਿਬ ਹੀ ਸਤਿਨਾਮ ਵਿਸ਼ੇਸ਼ਣ ਵਾਲੇ ਏਕੋ ਨਾਮ ਨੂੰ ਖੰਡਾਂ ਅਤੇ ਬ੍ਰਹਿਮੰਡਾਂ ਵਿਖੇ ਪਰਚਾਰ ਕਰਨ ਹਿਤ ਸਮਰੱਥ ਹਨ। ਇਸ ਬ੍ਰਹਿਮੰਡ ਵਿਖੇ ਚੌਹਾਂ ਹੀ ਜੁਗਾਂ ਅੰਦਰ ਜਿੰਨੇ ਭੀ ਅੰਬੀਆ ਅਵਤਾਰ ਪੈਕੰਬਰ ਹੋਏ, ਜਾਂ ਹੋਇ ਬਤੀਤੇ ਤਿਨ੍ਹਾਂ ਵਿਚੋਂ ਕਿਸੇ ਨੇ ਭੀ ਸਤਿਨਾਮ ਨੂੰ ਨਹੀਂ ਦ੍ਰਿੜ੍ਹਾਇਆ, ਜੈਸਾ ਕਿ ਬਚਿਤ੍ਰ ਨਾਟਕ ਵਿਖੇ ਉਚਾਰੇ ਸ੍ਰੀ ਦਸਮੇਸ਼ ਜੀ ਦੇ ਮੁਖਵਾਕਾਂ ਤੋਂ ਸਿੱਧ ਅਤੇ ਸਪੱਸ਼ਟ ਹੈ। ਸਤਿਨਾਮ ਦ੍ਰਿੜ੍ਹਾਇਆ ਤਾਂ ਕੇਵਲ ਗੁਰੂ ਅਵਤਾਰ ਜਾਮਿਆਂ, ਅਰਥਾਤ ਗੁਰੂ ਨਾਨਕ ਸਾਹਿਬ ਦੇ ਦਸੇ ਸਰੂਪਾਂ ਨੇ ਦ੍ਰਿੜ੍ਹਾਇਆ, ਅਤੇ "ਸਤਿਗੁਰੁ ਬਾਝਹੁ ਗੁਰੁ ਨਹੀ ਕੋਈ" ਦੇ ਭਾਵ ਅਨੁਸਾਰ, ਬਿਨਾਂ ਸਤਿਗੁਰ ਨਾਨਕ ਦੇਵ ਜੀ ਦੇ ਗੁਰੂ ਅਵਤਾਰ ਸਰੂਪ ਦੇ ਹੋਰ ਕੋਈ ਗੁਰੂ ਨਹੀਂ। ਇਸ ਲਈ ਗੁਰ ਨਾਨਕ ਦਸਮੇਸ਼ ਗੁਰ ਅਵਤਾਰ ਸਰੂਪ ਬਿਨਾਂ ਨਾ ਕੋਈ ਸਤਿਨਾਮ ਦੇ ਦ੍ਰਿੜ੍ਹਾਉਣਹਾਰਾ ਹੋਇਆ, ਨਾ ਹੈ, ਨਾ ਹੋਵੇਗਾ। ਤਾਂ ਤੇ ਤਤ ਉਧਾਰ ਕੇਵਲ ਗੁਰ ਸਤਿਗੁਰੂ ਨਾਨਕ ਦੁਆਰਾ ਹੀ ਸੰਭਵ ਹੈ, ਹੋਰ ਕਿਸੇ ਸਿਧ ਕੀਤੇ ਅਵਤਾਰ ਦੁਆਰਾ ਨਹੀਂ, ਅਤੇ ਜੋਈ ਤਤ ਉਧਾਰ ਘਟਨਾ ਇਸ ਬ੍ਰਹਿਮੰਡ ਅੰਦਰ ਘਟਦੀ ਹੈ, ਸੋਈ ਦੂਤੀ ਬ੍ਰਹਿਮੰਡਾਂ ਦੇ ਉਧਾਰ ਪ੍ਰਥਾਇ ਭੀ ਘਟੇਗੀ। ਤਾਂ ਤੇ ਕੋਟ ਬ੍ਰਹਿਮੰਡਾਂ ਦਾ ਠਾਕੁਰ ਸੁਆਮੀ ਦੂਤੀ ਬ੍ਰਹਿਮੰਡਾਂ ਦੇ ਤਤ ਉਧਾਰ ਹਿਤ, ਕੀ ਗੁਰੂ ਨਿਰੰਕਾਰੀ ਸਤਿਗੁਰ ਨਾਨਕ ਬਾਝੋਂ ਕੋਈ ਹੋਰ ਅਵਤਾਰ ਉਪਕਾਰ ਜਾਮਾ ਥਾਪ ਸਕਦਾ ਹੈ? ਕਦਾਚਿਤ ਨਹੀਂ। ਉਹ ਸਮਦਰਸੀ ਠਾਕੁਰ ਹੈ, ਅਤੇ ਸਭ ਬ੍ਰਹਿਮੰਡਾਂ ਵਿਚ ਉਸੇ ਦੀ ਠਕੁਰਾਈ ਹੈ ਅਤੇ ਇਸ ਠਕੁਰਾਈ ਦਾ ਫ਼ੁਰਮਾਨ ਸਭਨਾਂ ਬ੍ਰਹਿਮੰਡਾਂ ਲਈ ਸਮਾਨ ਅਤੇ ਸਮਸਰ ਹੀ ਵਰਤਦਾ ਹੈ, ਸਮਸਰ ਹੀ ਵਰਤਦਾ ਰਿਹਾ ਅਤੇ ਸਮਸਰ ਹੀ ਵਰਤੇਗਾ।

['ਗੁਰਮਤਿ ਲੇਖ' ਪੁਸਤਕ ਵਿਚੋਂ



www.AKJ.Org

# ਗੁਰੂ ਗ੍ਰੰਥ ਤੇ ਪੰਥ

[ਵਲੋਂ—ਡਾ: ਤ੍ਰਿਲੋਚਨ ਸਿੰਘ ਜੀ]

ਇਸ ਖੋਜ-ਪਤ੍ਰ ਵਿਚ ਵਿਚਾਰ ਕੇਵਲ ਦਾਰਸ਼ਨਿਕ ਤੇ ਅਧਿਆਤਮਕ ਪੱਖ ਤੋਂ ਕੀਤੀ ਗਈ ਹੈ ਅਤੇ ਇਹ ਨਿਰੋਲ ਗੁਰਬਾਣੀ ਅਤੇ ਭਾਈ ਗੁਰਦਾਸ ਤੇ ਭਾਈ ਨੰਦ ਲਾਲ ਦੀਆਂ ਪ੍ਰਮਾਣਿਕ ਬਾਣੀਆਂ ਦੇ ਆਧਾਰ ਤੇ ਲਿਖਿਆ ਗਿਆ ਹੈ । —ਲੇਖਕ

ਭਾਰਤ ਦੀ ਪਰੰਪਰਾ ਤੇ ਦਾਰਸ਼ਨਿਕ ਗ੍ਰੰਥਾਂ ਵਿਚ ਇਹ ਤਿੰਨ ਲਫ਼ਜ਼ 'ਗੁਰੂ', 'ਗ੍ਰੰਥ' ਤੇ 'ਪੰਥ' ਭਿੰਨ ਭਿੰਨ ਅਰਥਾਂ ਵਿਚ ਸਦੀਆਂ ਤੋਂ ਵਰਤੇ ਜਾਂਦੇ ਰਹੇ ਹਨ । ਸਿਖ ਇਤਿਹਾਸ ਵਿਚ ਪ੍ਰਵੇਸ਼ ਕਰਦਿਆਂ ਇਨ੍ਹਾਂ ਲਫ਼ਜ਼ਾਂ ਦੇ ਅੰਤ੍ਰੀਵ ਭਾਵ ਗੁਰਮੱਤ ਫਿਲਾਸਫੀ ਤੇ ਅਧਿਆਤਮਕ ਸਿਧਾਂਤਾਂ ਦੀ ਕੁਠਾਲੀ ਵਿਚ ਢਲ ਕੇ ਨਵਾਂ ਸਿਧਾਂਤਕ ਰੂਪ ਧਾਰਨ ਲਗ ਪਏ । ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦੀ ਵਿਆਖਿਆ ਪ੍ਰਾਚੀਨ ਅਰਥਾਂ ਵਿਚ ਵੀ ਪਾਈ ਜਾਂਦੀ ਹੈ, ਪਰ ਉਹ ਕੇਵਲ ਗੁਰਮੱਤ ਦੇ ਸਿਧਾਂਤਾਂ ਨੂੰ ਨਿਖਾਰਨ ਲਈ ਕੀਤੀ ਗਈ ਹੈ । ਅਜ ਤੋਂ ਇਕ ਸਦੀ ਪਹਿਲਾਂ ਭਾਵੇਂ ਸੰਪਰਦਾਈ ਗੁਰੂ ਤੇ ਨਕਲੀ ਪੰਥ ਉਠਦੇ ਰਹੇ ਅਤੇ ਤਨਕ ਮਾਤਰ ਚਰਚਾ ਕਰਵਾ ਕੇ ਅਲੋਪ ਹੁੰਦੇ ਰਹੇ, ਪਰ ਸਿਖ ਪੰਥ ਵਿਚ ਇਨ੍ਹਾਂ ਲਫ਼ਜ਼ਾਂ ਦੇ ਅਰਥਾਂ ਬਾਰੇ ਦੋ ਰਾਵਾਂ ਨਹੀਂ ਸਨ । ਪਰ ਇਕ ਪਾਸੇ ਗੁਰਮੱਤ ਦੇ ਤੱਤ ਸਿਧਾਂਤਾਂ ਤੋਂ ਦੂਰ ਜਾ ਰਹੇ ਸਾਧਾਂ ਸੰਤਾਂ ਨੇ ਤੇ ਦੂਸਰੇ ਪਾਸੇ ਸਿਖ ਸਰੂਪ ਵਾਲੇ ਕਮਿਊਨਿਸਟ ਬੁਧੀਵਾਨਾਂ ਨੇ ਕਈ ਭੁਲੇਖਿਆਂ ਦੇ ਜਾਲ ਵਿਛਾ ਦਿਤੇ ਹਨ ।

## ਗੁਰੂ ਦੇ ਤਿੰਨ ਰੂਪ

ਲਫ਼ਜ਼ 'ਗੁਰੂ' ਦੇ ਹਿੰਦੂ ਧਰਮ ਸ਼ਾਸਤ੍ਰਾਂ ਤੇ ਅਜ ਕਲ੍ਹ ਵੀ ਹਿੰਦੂ ਸਮਾਜ ਵਿਚ ਅਨੇਕਾਂ ਅਰਥ ਹਨ, ਜਿਵੇਂ : ਵਡਾ, ਬਜ਼ੁਰਗ, ਪਿਤਾ, ਜਨੇਊ ਪਾਣ ਵਾਲਾ ਬ੍ਰਾਹਮਣ, ਰਸਮਾਂ ਅਦਾ ਕਰਨ ਵਾਲਾ ਪ੍ਰੋਹਿਤ, ਕੋਈ ਮੰਤ੍ਰ ਦੇਣ ਵਾਲਾ । ਯੂ. ਪੀ. ਹਿਮਾਚਲ, ਬਿਹਾਰ ਆਦਿ ਪ੍ਰਾਂਤਾਂ ਵਿਚ ਵੀ ਵਿਦਿਆਰਥੀ ਪ੍ਰਾਇਮਰੀ ਸਕੂਲ ਦੇ ਮਾਸਟਰ ਨੂੰ ਗੁਰੂ ਜੀ ਕਹਿ ਕੇ ਬੁਲਾਉਂਦੇ ਹਨ । ਪਰ ਸਿਖ ਪੰਥ ਵਿਚ ਇਸ ਦੀ ਬੇਲਗਾਮ ਵਰਤੋਂ ਦਾ ਵਿਧਾਨ ਨਹੀਂ । ਗੁਰਮੱਤ ਵਿਚ ਇਸ ਦੇ ਅਰਥ ਇਸ ਲਫ਼ਜ਼ ਦੀ ਭਾਵ-ਮੂਲਕ ਵਿਉਤਪਤੀ ਦੇ ਅਨੁਕੂਲ ਹਨ । 'ਗੁ' ਦੇ ਅਰਥ ਹਨ : ਸਿਧੀ ਤੇ ਸ਼ਕਤੀ-ਦਾਤਾ । 'ਰੂ' ਦੇ ਅਰਥ ਹਨ : ਪਾਪ ਨਾਸਕ, ਆਤਮਾ ਨੂੰ ਬ੍ਰਹਮ ਗਿਆਨ ਦੇਣ ਵਾਲਾ । ਇਸ ਵਿਉਤਪਤੀ ਅਨੁਸਾਰ ਗੁਰੂ ਦੇ ਅਰਥ ਹੋਏ, "ਅੰਤ੍ਰੀਵ ਸਿਧੀ ਤੇ ਸ਼ਕਤੀ ਰਾਹੀਂ ਬ੍ਰਹਮ ਗਿਆਨ ਦਾ ਪ੍ਰਕਾਸ਼ ਕਰਨ ਵਾਲਾ" । ਭਾਈ ਗੁਰਦਾਸ ਜੀ ਨੇ ਵੀ ਇਕ ਸੰਸਕ੍ਰਿਤ ਛੰਦ ਵਿਚ 'ਗੁ' ਦੀ ਵਿਆਖਿਆ ਕੀਤੀ ਹੈ : ਗਿਆਨ ਦਾ ਸੂਰਜ ਬਾਣੀ ਦਾ ਪਤੀ, ਇੰਦ੍ਰਿਆਂ ਤੋਂ ਅਤੀਤ । 'ਰੂ' ਦੀ ਵਿਆਖਿਆ ਕੀਤੀ ਹੈ ਸਰਬ ਵਿਆਪਕ ਤੇ ਸਭ ਮਰਯਾਦਾ ਤੇ ਸ਼ਕਤੀ ਸੰਪੰਨ । ਗੁਰੂ ਗ੍ਰੰਥ ਸਾਹਿਬ ਵਿਚ ਇਹ ਗਲ ਸਪਸ਼ਟ ਕੀਤੀ ਗਈ ਹੈ ਕਿ ਅਕਾਲ ਪੁਰਖ ਨੇ ਗੁਰੂ ਨਾਨਕ ਨੂੰ ਆਪਣੇ ਨਾਲ ਅਭੇਦ ਕਰਕੇ, ਉਨ੍ਹਾਂ ਵਿਚ ਆਪਣੀ ਜੋਤਿ ਕਲਾ ਰਖ ਕੇ, ਤੇ ਉਨ੍ਹਾਂ ਨੂੰ ਪੂਰਨ ਪੈਗੰਬਰ ਦੇ ਅਧਿਕਾਰ ਦੇ ਕੇ ਜਗਤ ਗੁਰੂ ਥਾਪਿਆ :

> "ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥ ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥ ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥"
>
> (ਸਵ: ਮ: ੩, ਕੀਰਤ ਭੱਟ, ੧੬, ਪੰਨਾ ੧੩੯੫
>
> "ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ ॥"
>
> (ਸਵ: ਮ: ੫, ਪੰਨਾ ੧੪੦੮
>
> "ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥" (ਸੋਰਠ ਮ: ੧, ਪੰਨਾ ੫੯੯

ਇਹ ਪੂਰਨ ਗਿਆਨ-ਜੋਤਿ ਅਕਾਲ ਪੁਰਖ ਤੋਂ ਗੁਰੂ



www.AKJ.Org

ਨਾਨਕ ਨੇ ਪ੍ਰਾਪਤ ਕੀਤੀ, ਅਤੇ ਸੰਸਾਰ ਵਿਚ ਇਸ ਨੂੰ ਅਮਰ ਤੇ ਅਟੱਲ ਰੂਪ ਦਿਤਾ। ਅਭਿਲਾਖੀ ਤੇ ਖੋਜੀ ਇਸ ਨੂੰ ਪ੍ਰਾਪਤ ਕਰਦੇ ਹਨ, ਤੇ ਅਗਿਆਨੀ ਪਰ ਹੰਕਾਰੀ ਪੁਰਸ਼ ਆਪਣੀ ਤ੍ਰਿਸ਼ਨਾ ਤੇ ਅਕਲ ਦੇ ਅੰਧਕਾਰ ਵਿਚ ਭਟਕਦੇ ਫਿਰਦੇ ਰਹਿੰਦੇ ਹਨ। ਗੁਰੂ ਨਾਨਕ ਦੇਵ ਦੇ ਸਮੇਂ ਤੋਂ ਅਜ ਤਕ ਇਹ ਗੁਰ-ਗਿਆਨ-ਜੋਤਿ ਅਧਿਕਾਰੀਆਂ ਤੇ ਸਚੇ ਸਿਦਕੀ ਖੋਜੀਆਂ ਨੂੰ ਤਿੰਨਾਂ ਰੂਪਾਂ ਵਿਚ ਪ੍ਰਾਪਤ ਹੁੰਦੀ ਰਹੀ। ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਇਨ੍ਹਾਂ ਤਿੰਨਾਂ ਰੂਪਾਂ ਨੂੰ ਸਮਝੇ ਬਗੈਰ ਗੁਰਮੱਤ ਦਾ ਕੋਈ ਸਿਧਾਂਤ ਨਹੀਂ ਸਮਝ ਆ ਸਕਦਾ।

ਭਾਈ ਨੰਦ ਲਾਲ ਜੀ ਦੀਆਂ ਸਿਖ ਰਹਿਤ ਬਾਰੇ ਦੋ ਲਿਖਤਾਂ ਹਨ। ਇਕ ਹੈ ਗੁਰਮੁਖ ਸਿਖਾਂ ਦਾ ਰਹਿਤਨਾਮਾ ਜੋ ਖਾਲਸਾ ਸਾਜਣ ਤੋਂ ਤਿੰਨ ਚਾਰ ਸਾਲ ਪਹਿਲਾਂ ਲਿਖਿਆ ਗਿਆ। ਦੂਸਰਾ ਹੈ ਨਸੀਹਤਨਾਮਾ ਜਿਸ ਵਿਚ ਖਾਲਸੇ ਦਾ ਸਰੂਪ ਤੇ ਖਾਲਸੇ ਦੀ ਰਹਿਣੀ ਦਾ ਵੇਰਵਾ ਹੈ। ਰਹਿਤਨਾਮੇ ਵਿਚ ਗੁਰੂ ਗੋਬਿੰਦ ਸਿੰਘ ਦੇ ਸ੍ਰੀ ਮੁਖ ਵਾਕ ਵਚਨ ਹਨ। ਗੁਰੂ ਜੀ ਕਹਿੰਦੇ ਹਨ ਕਿ "ਸਿਖ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰੇ, ਨਾਮ ਜਪੇ, ਬਾਣੀ ਪੜ੍ਹੇ ਤੇ ਨਿਤ ਗੁਰੂ ਦੇ ਦਰਸ਼ਨ ਕਰੇ।" ਭਾਈ ਨੰਦ ਲਾਲ ਦੇ ਦਿਲ ਵਿਚ ਕੁਦਰਤੀ ਪ੍ਰਸ਼ਨ ਉਠਿਆ ਕਿ ਜਿਹੜੇ ਅਨੰਦਪੁਰ ਗੁਰੂ ਦਰਬਾਰ ਤੋਂ ਦੂਰ ਰਹਿੰਦੇ ਹਨ, ਉਹ ਗੁਰੂ ਸਾਹਿਬ ਦੇ ਦਰਸ਼ਨ ਕਿਵੇਂ ਕਰਨ। ਉਨ੍ਹਾਂ ਨੇ ਪ੍ਰਸ਼ਨ ਕੀਤਾ —

"ਤੁਮ ਜੁ ਕਹਾ ਗੁਰਦੇਵ ਜੀ ਦਰਸ਼ਨ ਕਰ ਮੋਹਿ ਆਇ। ਲਖੀਏ ਤੁਮਰਾ ਦਰਸ ਕਹਾ ਕਹੋ ਮੋਹਿ ਸਮਝਾਇ।"

ਗੁਰੂ ਗੋਬਿੰਦ ਸਿੰਘ ਜੀ ਨੇ ਉਤਰ ਦਿਤਾ :

"ਤੀਨ ਰੂਪ ਹੈ ਮੋਹਿ ਕੇ ਸੁਣਹੁ ਨੰਦ ਚਿਤ ਲਾਇ। ਨਿਰਗੁਣ ਸਰਗੁਣ ਗੁਰਸ਼ਬਦ ਕਹੋ ਤੋਹਿ ਸਮਝਾਇ।"

## ੧. ਨਿਰਗੁਣ ਰੂਪ —

ਗੁਰੂ ਸਾਹਿਬ ਜੀ ਜੋਤਿ ਸਰੂਪ ਨਿਰੰਕਾਰ ਨਾਲ ਸਦਾ ਅਭੇਦ, ਉਨ੍ਹਾਂ ਦੀ ਦਿਬਯ ਸ਼ਖਸੀਅਤ ਗੁਰੂ ਦਾ ਨਿਰਗੁਣ ਸਰੂਪ ਹੈ। ਅਨੁਭਵੀ ਸਿਖਾਂ ਨੂੰ ਉਦੋਂ ਵੀ ਇਸ ਪੂਰਨ ਜੋਤਿ ਸਰੂਪ ਸ਼ਖਸੀਅਤ ਦੇ ਪ੍ਰਤਖ ਸਰੂਪ ਦਾ ਵਰਣਨ ਭਾਈ ਗੁਰਦਾਸ ਤੇ ਭਾਈ ਨੰਦ ਲਾਲ ਦੀ ਬਾਣੀ ਵਿਚ ਮਿਲਦਾ ਹੈ। ਭਾਈ ਗੁਰਦਾਸ ਕਿਤੇ ਵੀ ਗੁਰੂ ਸਾਹਿਬ ਦੇ ਸਰੀਰ ਦੇ ਚਕ੍ਰ ਚਿਹਨ ਵਰਣਨ ਨਹੀਂ ਕਰਦੇ। ਹਰ ਥਾਂ ਇਸੇ ਨਿਰਗੁਣ ਸਰੂਪ ਦੇ ਦਰਸ਼ਨਾਂ ਦਾ ਅੱਖੀਂ ਡਿਠਾ, ਤੇ ਅਨੁਭਵ ਵਿਚ ਪ੍ਰਤੀਤ ਕੀਤਾ ਨਿਰਗੁਣ ਰੂਪ ਚਿਤ੍ਰਦੇ ਹਨ :

"ਦਰਸ਼ਨ ਜੋਤਿ ਕੋ ਉਦੋਤ ਅਸਚਰਜ ਮੈਂ,
ਤਾਂ ਮੈਂ ਤਿਲ ਛਬਿ ਪਰਮਦਭੁਤ ਛਕਿ ਹੈ।
ਦੇਖਬੇ ਕੋ ਦ੍ਰਿਸਟਿ ਨ ਸੁਨਬੇ ਕੋ ਸੁਰਤਿ ਹੈ,
ਕਹਿਬੇ ਕੋ ਜਿਹਵਾ ਨ ਗਿਆਨ ਮੈਂ ਉਕਤਿ ਹੈ।
ਸੋਭਾ ਕੋਟਿ ਸੋਭ ਲੋਭ, ਲੁਭਿਤ ਹੈ ਲੋਟ ਪੋਟ,
ਜਗਮਗ ਜੋਤਿ ਕੋਟਿ ਓਟ ਲੈ ਛਿਪਤ ਹੈ।
ਅੰਗ ਅੰਗ ਪੇਖ ਮਨ ਮਨਸਾ ਥਕਤ ਭਈ,
ਨੇਤਿ ਨੇਤਿ ਨਮੋ ਨਮੋ ਅਤਿ ਹੂੰ ਤੇ ਅਤਿ ਹੈ।੧੪੦।

## ੨. ਸਰਗੁਣ ਰੂਪ —

ਗੁਰੂ ਕਾਲ ਵਿਚ ਗੁਰੂ ਸਾਹਿਬ ਦੇ ਦੋ ਸਰਗੁਣ ਰੂਪ ਸਨ। ਇਕ ਗੁਰੂ ਸਾਹਿਬ ਦੀ ਦੇਹ ਜਿਸ ਵਿਚ ਨਿਰੰਕਾਰ ਦੀ ਪੂਰਨ ਜੋਤਿ ਜਗਦੀ ਸੀ, ਦੂਸਰੇ ਸਾਧ ਸੰਗਤ ਜਿਸ ਵਿਚ ਗੁਰਮੁਖ ਸਿਖ ਹੋਣ।

## ੩. ਗੁਰ ਸ਼ਬਦ —

ਗੁਰੂ ਦਾ ਤੱਤ-ਸਰੂਪ ਸਿੱਖ ਨੂੰ ਸ਼ਬਦ ਰਾਹੀਂ ਹੀ ਸੰਬੰਧਤ ਹੁੰਦਾ ਹੈ। ਗੁਰੂ ਤੇ ਸਿੱਖ ਦੀ ਮਾਨਸਕ ਸੰਧੀ ਕੇਵਲ ਉਸ ਸਮੇਂ ਹੁੰਦੀ ਹੈ ਜਦ ਗੁਰੂ ਕਿਰਪਾ ਦੁਆਰਾ ਸ਼ਬਦ ਤੇ ਸਿੱਖ-ਸੁਰਤ ਦਾ ਲਿਵ-ਲੀਨਤਾ ਵਿਚ ਮੇਲ ਹੋਵੇ। ਕੋਈ ਸਿੱਖ ਗੁਰੂ ਦਾ ਸੱਚਾ ਤੇ ਸਿਦਕੀ ਸਿੱਖ ਹੀ ਉਸ ਸਮੇਂ ਤੱਕ ਨਹੀਂ ਬਣਦਾ ਜਦ ਤਕ ਇਹ ਆਤਮਕ ਮੇਲ ਨਾ ਹੋਵੇ।

### ਸ਼ਬਦ-ਸੁਰਤ

ਇਉਂ ਗੁਰਮੱਤ ਦਾ ਕੇਂਦਰੀ ਸੋਮਾ ਸ਼ਬਦ ਸਿਧਾਂਤ ਹੈ। ਸ਼ਬਦ ਪਾਰਬ੍ਰਹਮ ਦੀ ਸਿਰਜਨ ਸ਼ਕਤੀ ਹੈ। ਸ਼ਬਦ ਪਰਮ-ਤੱਤ ਦਾ ਯਥਾਰਥ ਰੂਪ ਹੈ। ਸ਼ਬਦ ਉਨਮਨ



www.AKJ.Org

ਅਨੁਭਵ ਤੇ ਰੱਬੀ ਗਿਆਨ ਦਾ ਸਰਚਸ਼ਮਾ ਹੈ। ਸ਼ਬਦ ਪਰਮਾਤਮਾ ਦੀ ਚੇਤਨ ਸ਼ਕਤੀ ਹੈ। ਸ਼ਬਦ ਸਚੇ ਨਿਰੰਕਾਰੀ ਗੁਰੂ ਦਾ ਵਾਕ ਰੂਪ ਸਚਾ ਸਰੂਪ ਹੈ। ਸ਼ਬਦ ਸਚੇ ਗੁਰੂ ਦਾ ਨਿਰਗੁਣ ਸਰੂਪ ਹੈ ਅਤੇ ਗੁਰੂ ਦੀ ਆਤਮਕ ਸ਼ਖਸੀਅਤ ਦਾ ਸਾਕਾਰ ਰੂਪ ਹੈ। ਕੋਈ ਸਿੱਖ ਜੇਕਰ ਕੇਵਲ ਬਾਹਰਲੇ ਸਿਖੀ ਸਰੂਪ ਕਰਕੇ ਸਿਖ ਹੈ, ਅੰਦਰੋਂ ਉਸਦਾ ਮਨ ਸ਼ਰਾਬ, ਅਯਾਸ਼ੀ ਤੇ ਘਟੀਆ ਆਚਰਨ ਦੀਆਂ ਗਲਾਂ ਵਿਚ ਭਟਕਦਾ ਹੈ ਤਾਂ ਸਮਾਜ ਉਸਨੂੰ ਜ਼ਰੂਰ ਸਿਖ ਮੰਨਦਾ ਹੈ ਪਰ ਗੁਰੂ ਦੀ ਦ੍ਰਿਸ਼ਟੀ ਵਿਚ ਉਹ ਜੋ ਹੈ ਉਸਦਾ ਅਨੁਮਾਨ ਗੁਰਬਾਣੀ ਦੇ ਗਿਆਤਾ ਲਾ ਸਕਦੇ ਹਨ। ਜੋ ਕਿਸੇ ਬਾਹਰੋਂ ਸ਼ੁਧ ਸਰੂਪ ਵਾਲੇ ਸਿਖ ਦੀ ਸੁਰਤ ਗੁਰੂ ਦੀ ਗੋਲਕ, ਜਾਂ ਕਮਿਊਨਿਸਟ ਸਿਧਾਂਤਾਂ ਵਿਚ ਉਲਝੀ ਹੋਈ ਹੋਵੇ ਤਾਂ ਉਹ ਗੁਰੂ ਸ਼ਬਦ ਤੋਂ ਟੁਟ ਕੇ ਗੁਰੂ ਤੋਂ ਟੁੱਟ ਗਈ ਹੈ। ਕਿਸੇ ਸਿਖ ਦੀ ਸ਼ਰਧਾ, ਭਗਤੀ ਭਾਵਨਾ ਗੁਰੂ ਲਈ, ਉਸਦੀ ਗੁਰਸ਼ਬਦ ਨਾਲ ਅੰਤ੍ਰੀਵ ਲਿਵ ਤੋਂ ਹੀ ਪਹਿਚਾਨੀ ਜਾਂਦੀ ਹੈ : ਗੁਰਸਿਖੀ ਹੈ ਹੀ "ਸਿਖ-ਸੁਰਤ ਵਲੋਂ ਗੁਰਸ਼ਬਦ ਦੀ ਉਪਾਸ਼ਨਾ, ਸ਼ਬਦ ਦਾ ਸੁਣਨਾ, ਮੰਨਣਾ, ਗਾਵਨਾ ਤੇ ਨਿਧਿਆਸਨ।

"ਸਬਦਿ ਮਹਿ ਸੁਰਤ, ਸੁਰਤ ਮਹਿ ਸਬਦ ਧੁਨ,
ਸਬਦ ਸੁਰਤ ਅਗਮਿਤਿ ਗੁਰ ਗਯਾਨ ਹੈ।
ਗਯਾਨ ਧਯਾਨ ਕਰਨੀ ਕੈ ਪ੍ਰਗਟਤ ਪ੍ਰੇਮ ਰਸ,
ਗੁਰਮਤ ਗਤਿ ਪ੍ਰੇਮ ਨੇਮ ਨਿਰਬਾਨ ਹੈ।੪੫।

ਜਿਹੜਾ ਸਵਾਲ ਭਾਈ ਨੰਦ ਲਾਲ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਪੁਛਿਆ, ਉਹੀਓ ਸਵਾਲ ਭਾਈ ਖੇੜੇ ਨੇ ਗੁਰੂ ਨਾਨਕ ਤੋਂ ਪੁਛਿਆ ਕਿ ਮਹਾਰਾਜ ਅਸੀਂ ਤੁਹਾਥੋਂ ਸਰੀਰਕ ਤੌਰ ਤੇ ਦੂਰ ਰਹਿੰਦੇ ਹੋਏ ਤੁਹਾਡੇ ਨਿਤ ਦਰਸ਼ਨ ਕਿਵੇਂ ਕਰੀਏ। ਗੁਰੂ ਸਾਹਿਬ ਨੇ ਉਤਰ ਦਿਤਾ : "ਸਤਿਗੁਰਾਂ ਵਿਚ ਤੇ ਪਰਮੇਸ਼ਰ ਵਿਚ ਭੇਦ ਨਹੀਂ ਜਾਨਣਾ ਤੇ ਧਰਮ ਦੀ ਕਿਰਤ ਕਰ ਕੇ ਅਤਿਥੀ ਸਿੱਖਾਂ ਨਾਲ ਵੰਡ ਖਾਵਣਾ। ਤੁਸੀਂ ਸਦਾ ਮੇਰੇ ਚਰਨਾਂ ਦੀ ਸ਼ਰਨ ਹੋ। ਸਰੀਰ ਮੇਰਾ ਸਰਗੁਣ ਹੈ ਤੇ ਸ਼ਬਦ ਮੇਰਾ ਰਿਦਾ ਹੈ, ਨਿਰਗੁਣ ਰੂਪ ਹੈ। ਜੇ ਸਰੀਰ ਨਾਲ ਮਿਲੋਗੇ, ਤਾਂ ਫਿਰ ਵਿਛੜੋਗੇ ਤੇ ਜੇ ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਾਹੀ।"

(ਭਾਈ ਮਨੀ ਸਿੰਘ : ਸਿਖਾਂ ਦੀ ਭਗਤਮਾਲ : ੩੪

'ਸੁਰਤਿ ਸਬਦੁ ਧੁਨਿ ਅੰਤਰ ਜਾਗੀ ॥
ਵਾਜੈ ਅਨਹਦੁ ਮੇਰਾ ਮਨੁ ਲੀਣਾ ॥
ਗੁਰਬਚਨੀ ਸਚਿ ਨਾਮਿ ਪਤੀਣਾ ॥੧॥
(ਰਾਮ : ਅਸ : ਮ: ੧, ਸਫ਼ਾ ੯੦੩

"ਸਬਦ ਸੁਰਤਿ ਨੀਂਦ ਉਘੜੀ ਜਾਗਦਿਆਂ ਸੁਖ
ਰੈਣ ਵਿਹਾਣੀ।" ਵਾਰ : ੨੯—੧੨

ਗੁਰਸਿਖੀ ਦਾ ਸਿਖਣਾ ਸਬਦ ਸੁਰਤ ਸਭ ਸੰਗਤ ਸਿਖੈ।
ਵਾਰ ੨੯—੧੨

ਯੋਗੀਆਂ ਵਿਚ ਵੀ ਸ਼ਬਦ ਸੁਰਤ ਦੀ ਬੜੀ ਚਰਚਾ ਹੈ, ਕਿਉਂਕਿ ਯੋਗ-ਸਿਧਾਂਤ ਹੈ ਹੀ ਸੁਰਤ ਦੀ ਇਕਾਗਰਤਾ ਲਈ। ਪਰ ਇਸ ਨੂੰ ਮੋਹ ਨਿੰਦਰਾ ਤੋਂ ਜਗਾਉਣ ਲਈ, ਸੰਸਾਰ ਨੂੰ ਭੁਲਣ ਲਈ ਉਹ ਪੰਜ 'ਮੈ' ਦਾ ਆਸਰਾ ਲੈਂਦੇ ਹਨ : ਮੱਦ (ਸ਼ਰਾਬ), ਮਛੀ, ਮਾਸ, ਮੈਥੁਨ (ਕਾਮ-ਭੋਗ) ਤੇ ਮੁਦਰਾ* (ਯੋਗ ਆਸਨ ਦੀਆਂ ਵਿਧੀਆਂ)। ਸਿਖਾਂ ਨੂੰ ਗੁਰੂ ਸਾਹਿਬ ਨੇ ਇਹ 'ਮੱਮੇ' ਛੁੜਾ ਕੇ ਪੰਜ 'ਕੱਕੇ' ਦਿਤੇ ਸਨ, ਪਰ ਸਿਖ ਕੱਕੇ ਛਡੀ ਜਾਂਦੇ ਹਨ ਤੇ ਇਨ੍ਹਾਂ ਤਾਂਤ੍ਰਿਕ ਤੇ ਹਠਯੋਗੀਆਂ ਦੇ 'ਮਮੇ' ਪਕੜੀ ਜਾਂਦੇ ਹਨ। ਜਾਪਦਾ ਹੈ 'ਗੁਰੂ' ਕੇ ਸਿਖ ਬਣਨ ਦੀ ਬਜਾਏ ਉਨ੍ਹਾਂ ਵਿਚ ਯੋਗੀ ਬਣਨ ਦੀ ਤੇ ਯੋਗੀ ਅਖਵਾਣ ਦੀ ਤ੍ਰਿਸ਼ਨਾ ਪ੍ਰਬਲ ਹੋ ਗਈ ਹੈ।

ਪ੍ਰਸ਼ਨ ਉਠਦਾ ਹੈ ਕਿ ਗੁਰ-ਸ਼ਬਦ ਵਿਚੋਂ ਇਤਨਾ ਅਪਾਰ ਤੇ ਗਹਰ ਗੰਭੀਰ ਅਨੁਭਵ ਕਿਵੇਂ ਉਘੜ ਆਉਂਦਾ ਹੈ। ਇਸ ਦਾ ਉਤਰ ਭਾਈ ਗੁਰਦਾਸ ਜੀ ਦਿੰਦੇ ਹਨ :

"ਕਾਸ਼ਟ ਮੈਂ ਅਗਨਿ ਅੰਰ ਅਗਨਿ ਮੈ ਕਾਸ਼ਟ ਜੈਸੇ
ਅਤਿ ਅਸਚਰਜ ਕੌਤਕ ਕਹਾਵੈ ਜੀ।
ਸਤਿਗੁਰ ਮਹਿ ਸ਼ਬਦ ਸ਼ਬਦ ਮਹਿ ਸਤਿਗੁਰ ਹੈ
ਨਿਰਗੁਣ ਸਰਗੁਨ ਗਯਾਨ ਧਯਾਨ ਸਮਝਾਵੈ ਜੀ।

ਗੁਰੂ ਰਾਮਦਾਸ ਜੀ ਇਸ ਨੂੰ ਵਧੇਰੇ ਸਪਸ਼ਟ ਕਰਦੇ ਹਨ :

ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ
ਕਢੀਜੈ ॥ ਰਾਮਨਾਮੁ ਹੈ ਜੋਤਿ ਸਬਾਈ ਤਤੁ
ਗੁਰਮਤਿ ਕਾਢਿ ਲਈਜੈ ॥੧॥
(ਕਲਿਆਨ, ਅਸ: ਮ: ੪, ੧੩੨੩

*ਹਠ ਯੋਗ ਪ੍ਰਦੀਪਿਕਾ ੩:੮੩



www.AKJ.Org

ਜਿਵੇਂ ਲਕੜੀ ਵਿਚੋਂ ਜੁਗਤ ਨਾਲ ਅਗ ਕਢੀ ਜਾ ਸਕਦੀ ਹੈ ਤਿਵੇਂ ਹੀ ਗੁਰਸ਼ਬਦ ਵਿਚੋਂ ਸਾਧਨਾ ਤੇ ਨਾਮ ਅਭਿਆਸ ਨਾਲ ਜੋਤਿ ਹਿਰਦੇ ਵਿਚ ਪ੍ਰਗਟ ਹੁੰਦੀ ਹੈ। ਇਉਂ ਗੁਰੂ ਨਾਨਕ ਦੇ ਸਮੇਂ ਤੋਂ ਗੁਰੂ ਗੋਬਿੰਦ ਸਿੰਘ ਦੇ ਸਮੇਂ ਤਕ ਗੁਰਸ਼ਬਦ, ਗੁਰਬਾਣੀ ਤੇ ਸਾਧ ਸੰਗਤ ਨੂੰ ਗੁਰੂ ਸਾਹਿਬ ਨੇ ਆਪਣਾ ਸਾਖਿਆਤ ਆਤਮਕ ਸਰੂਪ ਨਿਸਚਿਤ ਕੀਤਾ। "ਬਾਣੀ ਗੁਰੂ ਗੁਰੂ ਹੈ ਬਾਣੀ" ਦਾ ਸਿਧਾਂਤ ਆਦਿ ਕਾਲ ਤੋਂ ਅਟਲ ਰਿਹਾ ਹੈ, "ਪੋਥੀ ਪਰਮੇਸਰ ਕਾ ਥਾਨ" ਬਣਿਆ। ਗ੍ਰੰਥ ਜੀ ਦੀ ਹਜ਼ੂਰੀ, ਗੁਰੂ ਸਾਹਿਬ ਕਦੀ ਵੀ ਗਦੀ ਲਾ ਕੇ ਜਾਂ ਉਚੇ ਅਸਥਾਨ ਤੇ ਨਹੀਂ ਬੈਠਦੇ ਸਨ। ਜੋਤੀ ਜੋਤ ਸਮਾਣ ਤੋਂ ੧੩ ਸਾਲ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਭਾ:ਨੰਦ ਲਾਲ ਨੂੰ ਵਚਨ ਕੀਤਾ:

> ਜੋ ਮਮ ਸਾਥ ਚਾਹੇ ਕਰ ਬਾਤ। ਗ੍ਰੰਥ ਜੀ ਪੜ੍ਹੇ ਸੁਣੇ ਬਿਚਾਰੇ ਸਾਥ। ਜੋ ਮੁਝ ਬਚਨ ਸੁਣਨ ਕੀ ਚਾਇ। ਗ੍ਰੰਥ ਜੀ ਪੜੇ ਸੁਣੇ ਚਿਤ ਲਾਇ। ਮੇਰਾ ਰੂਪ ਗ੍ਰੰਥ ਜੀ ਜਾਣ। ਇਸ ਮੈ ਭੇਦ ਨਹੀ ਕੁਝ ਮਾਨ।
>
> (ਰਹਿਤਨਾਮਾ ਭਾਈ ਨੰਦ ਲਾਲ

ਕਦੀ ਕਦੀ ਪੰਥ ਵਿਚ ਬੜੀ ਫ਼ਜ਼ੂਲ ਬਹਿਸ ਚਲ ਪੈਂਦੀ ਹੈ ਕਿ ਕਿਹੜੀ ਬੀੜ ਨੂੰ ਪ੍ਰਮਾਣਿਕ ਮੰਨਿਆ ਜਾਏ।

ਸਿਖਾਂ ਦਾ ਗੁਰੂ ਸਮੂਹ ਗੁਰਬਾਣੀ ਦਾ ਸ਼ੁਧ ਸਰੂਪ ਹੈ, ਨਾਕਿ ਕੋਈ ਖਾਸ ਬੀੜ। ਸਭ ਇਤਿਹਾਸਕ ਮਹਤਤਾ ਰਖਣ ਵਾਲੀਆਂ ਬੀੜਾਂ, ਦਾ ਇਕ ਸਮਾਨ ਸਤਿਕਾਰ ਕਰਨ ਦੀਆਂ ਹੱਕਦਾਰ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸ਼ੁਧ ਛਪਾਈ ਦੀ ਲੋੜ ਹੈ। ਕਈ ਸੱਜਣ ਤੇ ਸੰਸਥਾਵਾਂ ਜਦ ਵੀ ਸ਼ੁਧ ਤੇ ਸਸਤੇ ਮੁੱਖ ਦੀ ਬੀੜ ਦੀ ਛਪਾਈ ਦਾ ਉਪਰਾਲਾ ਹੋਵੇ ਤਾਂ ਰੁਕਾਵਟਾਂ ਬਣ ਕੇ ਖੜੇ ਹੋ ਜਾਂਦੇ ਹਨ, ਪਰ ਬਾਜ਼ਾਰ ਮਾਈ ਸੇਵਾਂ ਦੇ ਵਿਉਪਾਰੀ ਅਜ ਕਲ੍ਹ ਇਕ ਹਜ਼ਾਰ ਤੋਂ ਉਪਰ ਗਲਤੀਆਂ ਛਪਾਈ ਵਿਚ ਕਰ ਰਹੇ ਹਨ, ਗੁਟਕੇ ਗ਼ਲਤ ਛਪ ਰਹੇ ਹਨ। ਕਿਸੇ ਦੇ ਜੂੰ ਨਹੀਂ ਸਰਕਦੀ। ਅਸ਼ੁਧ ਛਪੀਆਂ ਬੀੜਾਂ ਤੋਂ ਪਾਠੀਆਂ, ਰਾਗੀਆਂ ਤੇ ਬਾਣੀ ਦੇ ਪ੍ਰੇਮੀਆਂ ਦੇ ਮੂੰਹ ਗਲਤ ਉਚਾਰਣ ਤੇ ਗਲਤ ਬਾਣੀ ਚੜ੍ਹ ਗਈ ਹੈ। ਇਸ ਦੀ ਰੋਕ ਥਾਮ ਲਈ ਕੋਈ ਉਪਰਾਲਾ ਕਰਨਾ ਚਾਹੀਦਾ ਹੈ।

## ਨਿਰਮਲ ਪੰਥ ਤੇ ਖਾਲਸਾ ਪੰਥ

ਅਜ ਕਲ੍ਹ ਲਫ਼ਜ਼ "ਪੰਥ" ਤੇ "ਪੰਥਕ" ਦੀ ਜਿਤਨੀ ਦੁਰਵਰਤੋਂ ਚਾਰ ਚੁਫੇਰੇ ਹੋ ਰਹੀ ਹੈ ਉਤਨੀ ਸ਼ਾਇਦ 'ਗੁਰੂ ਪਦ' ਦੀ ਨਹੀਂ ਹੋ ਰਹੀ। ਸਿਖ ਸਿਆਸਤ ਦੇ ਖੇਤਰ ਵਿਚ "ਪੰਥ" ਇਕ ਪਾਰਟੀ ਆਪਣੇ ਆਪ ਨੂੰ ਸਮਝਣ ਲਗ ਪਈ ਹੈ, ਅਤੇ 'ਪੰਥਕ ਲੀਡਰ' ਸ਼ਬਦ ਦੇ ਇਰਦ ਗਿਰਦ ਇਤਨੀ ਸ਼ਖਸੀਅਤ-ਪ੍ਰਸਤੀ ਉਸਾਰੀ ਗਈ ਹੈ ਜਿਤਨੀ ਗੁਰੂਡੰਮ ਵਿਚ ਪਾਈ ਜਾਂਦੀ ਹੈ, ਅਤੇ ਕਈ ਲੀਡਰਾਂ ਨੇ ਆਪਣੇ ਆਪ ਨੂੰ ਸਿੱਖਾਂ ਦਾ ਪੋਪ ਅਖਵਾਣੋਂ ਵੀ ਸੰਕੋਚ ਨਹੀਂ ਕੀਤਾ।

ਗੁਰਬਾਣੀ ਵਿਚ ਤਿੰਨ ਲਫ਼ਜ਼ ਆਏ ਹਨ: ਧਰਮ, ਮਾਰਗ ਤੇ ਪੰਥ। ਹਿੰਦੂ ਧਰਮ ਵਿਚ ਸੂਦਰਾਂ ਦਾ ਧਰਮ ਹੈ, ਵੈਸ਼ਾਂ ਦਾ ਧਰਮ ਹੈ, ਪਰ ਉਨ੍ਹਾਂ ਦਾ ਵਖਰਾ ਜੀਵਨ-ਮਾਰਗ ਜਿਸ ਉਤੇ ਉਨ੍ਹਾਂ ਨੇ ਚਲਣਾ ਹੈ ਕੋਈ ਖ਼ਾਸ ਨਹੀਂ। ਇਵੇਂ ਹੀ ਕਈ ਵੈਸ਼ਨਵ ਤੇ ਸ਼ੈਵ ਸੰਪਰਦਾਵਾਂ ਦਾ ਧਰਮ ਹੈ, ਮਾਰਗ ਵੀ ਹੈ, ਪਰ ਕੋਈ ਪੰਥ ਨਹੀਂ। ਕਈ ਇਸਲਾਮ ਦੀਆਂ ਸੰਪਰਦਾਵਾਂ ਹਨ ਜਿਨ੍ਹਾਂ ਦਾ ਧਰਮ ਇਸਲਾਮ ਹੈ, ਪਰ ਮਾਰਗ ਸ਼ੀਆਂ ਤੇ ਸੁਨੀਆਂ ਦਾ ਵੱਖਰਾ ਹੈ। ਹਰ ਸੂਫ਼ੀ ਸੰਪਰਦਾ ਦਾ ਵੀ ਮਾਰਗ, ਜਿਸ ਨੂੰ ਉਹ 'ਤਰੀਕਾ' ਕਹਿੰਦੇ ਹਨ, ਵਖਰਾ ਹੈ। ਐਸੇ ਮੁਸਲਮਾਨ ਮਿਲਦੇ ਹਨ ਜਿਨ੍ਹਾਂ ਦਾ ਧਰਮ ਇਕ ਹੈ, ਪਰ ਪੀਰ ਵਖਰੇ ਵਖਰੇ ਹਨ। ਐਸੇ ਲੋਕ ਵੀ ਸਾਨੂੰ ਰੋਜ਼ ਮਿਲਦੇ ਹਨ ਜਿਨ੍ਹਾਂ ਦੀ ਜਾਤ ਬਰਾਦਰੀ ਤੇ ਧਰਮ ਇਕ ਹੈ, ਪਰ ਉਹ ਵਖਰੇ ਵਖਰੇ ਧਰਮ ਗਰੰਥਾਂ ਵਿਚ ਵਿਸ਼ਵਾਸ ਰਖਦੇ ਹਨ। ਗੁਰੂ ਨਾਨਕ ਜੀ ਨੇ ਸਿਖ ਧਰਮ ਨੂੰ ਇਕ ਇਸ਼ਟ, ਇਕ ਧਰਮ, ਇਕ ਮਾਰਗ ਤੇ ਇਕ ਪੰਥ ਦੇ ਅਸੂਲ ਤੇ ਉਸਾਰਿਆ। ਆਦਰਸ਼ਕ ਧਰਮ ਮਾਰਗ ਵੱਲ ਸ਼ੇਖ ਫਰੀਦ ਨੇ ਵੀ ਇਸ਼ਾਰਾ ਕੀਤਾ ਹੈ, ਇਹੀ ਕਾਰਨ ਹੈ ਕਿ ਫਰੀਦ ਜੀ ਦੀ ਬਾਣੀ ਨੂੰ ਧੁਰ ਕੀ ਬਾਣੀ ਦੀ ਪਦਵੀ ਮਿਲੀ:

> ਖੰਨਿਅਹੁ ਤਿਖੀ ਬਹੁਤੁ ਪਿਈਣੀ॥ ਉਸੁ ਊਪਰਿ ਹੈ ਮਾਰਗੁ ਮੇਰਾ॥ ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ॥ (ਸੂਹੀ ਫਰੀਦ, ੭੯੪

ਗੁਰੂ ਗੋਬਿੰਦ ਸਿੰਘ ਜੀ ਇਹ ਗੱਲ ਸਪੱਸ਼ਟ ਕਰਦੇ



www.AKJ.Org

ਹਨ ਕਿ ਗੁਰੂ ਨਾਨਕ ਜੀ ਨੇ ਇਹ ਧਰਮ ਚਲਾਇਆ, ਇਹੀਓ ਜੀਵਨ ਸਾਧਨਾ ਦਾ ਸੱਚਾ ਮਾਰਗ ਹੈ, ਅਤੇ ਇਸ ਮਾਰਗ ਉਤੇ ਚਲਣ ਵਾਲਿਆਂ ਦੀ ਸਭਿਆਚਾਰਕ ਕੌਮ ਨੂੰ "ਪੰਥ" ਕਿਹਾ ਹੈ।

ਤਿਨਿ ਇਹ ਕਲਿ ਮੋ ਧਰਮ ਚਲਾਯੋ । ਸਭ ਸਾਧਨ ਕੋ ਰਾਹ ਬਤਾਯੋ । ਜੋ ਤਾਂਕੇ ਮਾਰਗ ਮਹਿ ਆਏ । ਤੇ ਕਬਹੂੰ ਨਹਿ ਪਾਪ ਸੰਤਾਏ। ਜੇ ਜੇ ਪੰਥ ਤਵਨ ਕੇ ਪਰੇ। ਪਾਪ ਤਾਪ ਤਿਨ ਕੇ ਪ੍ਰਭ ਹਰੇ। (ਬਚਿਤ੍ਰ ਨਾਟਕ—੬

ਏਥੋਂ ਸਪਸ਼ਟ ਹੈ ਕਿ ਗੁਰੂ ਨਾਨਕ ਜੀ ਦਾ ਧਰਮ ਨਾ ਕੇਵਲ ਇਕ ਦਾਰਸ਼ਨਿਕ ਜੀਵਨ ਫਲਸਫਾ ਸੀ, ਇਹ ਸਾਧਨਾ ਦਾ ਮਾਰਗ ਵੀ ਸੀ, ਤੇ ਕੌਮੀਅਤ ਦੇ ਸਾਰੇ ਤੱਤਾਂ ਸੰਪੰਨ ਪੰਥ ਵੀ ਸੀ। ਕਈ ਸਿੱਖਾਂ ਤੇ ਗ਼ੈਰ-ਸਿਖ ਵਿਚ ਇਹ ਵਹਿਮ ਪ੍ਰਚਲਤ ਹੈ ਕਿ ਗੁਰੂ ਨਾਨਕ ਜੀ ਦੇ ਸਮੇਂ ਸ਼ਿਖ ਪੰਥ ਨਿਰਾਲਾ ਨਹੀਂ ਸੀ, ਇਸਨੂੰ ਨਿਰਾਲਾਪਣ ਖਾਲਸਾ ਸਾਜ ਕੇ ਗੁਰੂ ਗੋਬਿੰਦ ਸਿੰਘ ਨੇ ਦਿਤਾ ਹੈ। ਇਹ ਬੜਾ ਖਤਰਨਾਕ ਭੁਲੇਖਾ ਹੈ। ਭਾਈ ਗੁਰਦਾਸ ਸਿਖ ਪੰਥ ਦੇ ਨਿਰਾਲੇਪਣ ਬਾਰੇ ਲਿਖਦੇ ਹਨ —

"ਗੁਰਮੁਖ ਪੰਥ ਨਿਰੋਲ ਨ ਰਲੇ ਰਲਾਈਐ।
ਗੁਰਮੁਖ ਪੰਥ ਅਲੋਲ ਸਹਜ ਸਮਾਈਐ।
[ਵਾਰ ੩-੪

ਮਾਰਗ ਖੰਡੇਧਾਰ ਹੈ ਭਵਜਲ ਭਰ ਕਾਲਾ।
ਵਾਲਹੁ ਨਿਕਾ ਆਖੀਐ ਗੁਰ ਪੰਥ ਨਿਰਾਲਾ।
[ਵਾਰ ੧੩-੭

ਇਹ ਗੁਰੂ ਨਾਨਕ ਦਾ ਪੰਥ, ਗੁਰੂ ਕੀ ਸੰਗਤ ਕਰਕੇ ਪ੍ਰਸਿਧ ਰਿਹਾ। ਅਸੀਂ ਦਸ ਆਏ ਹਾਂ ਕਿ ਸੰਗਤ ਨੂੰ ਗੁਰੂ ਸਾਹਿਬ ਆਪਣਾ ਵਿਆਪਕ ਰੂਪ ਕਹਿੰਦੇ ਸਨ। ਆਗਰੇ ਤੋਂ ਲੈ ਕੇ ਕਲਕਤੇ ਤੇ ਢਾਕੇ ਤਕ ਅਜੇ ਤਕ ਇਤਿਹਾਸਕ ਗੁਰਦਵਾਰਿਆਂ ਦੇ ਨਾਮ ਛੋਟੀ ਸੰਗਤ ਤੇ ਬੜੀ ਸੰਗਤ ਕਰਕੇ ਪ੍ਰਸਿਧ ਹਨ। ਭੱਟ ਕੀਰਤ ਵੀ ਇਸ ਗੁਰ ਸੰਗਤ ਰੂਪ ਪੰਥ ਵਲ ਧਿਆਨ ਦੁਆਂਦਾ ਹੈ :

ਇਕੁ ਉਤਮੁ ਪੰਥੁ ਸੁਨਿਓ ਗੁਰ ਸੰਗਤਿ, ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥
(ਪੰਨਾ ੧੪੦੬)

ਭੱਟ ਮਥਰਾ ਕਹਿੰਦਾ ਹੈ :

ਧ੍ਰਮ ਪੰਥੁ ਧਰਿਓ ਧਰਨੀਧਰ ਆਪਿ, ਰਹੇ ਲਿਵ ਧਾਰਿ ਨ ਧਾਵਤ ਹੈ ॥ (ਪੰਨਾ ੧੪੦੪)

ਇਸੇ ਪੂਰਨ ਗਿਆਨ ਤੇ ਧਰਮ ਦੀਆਂ ਜ਼ਿਮੇਵਾਰੀਆਂ ਗੁਰੂ ਨਾਨਕ ਨੇ ਅੰਗਦ ਦੇਵ ਜੀ ਨੂੰ ਸੰਭਾਲੀਆਂ—

ਗੁਰੂ ਨਾਨਕ ਨਿਕਟਿ ਬਸੈ ਬਨਵਾਰੀ ॥ ਤਿਨ ਲਹਣਾ ਥਾਪ ਜੋਤਿ ਜਗਿ ਧਾਰੀ ॥ ਲਹਣੈ ਪੰਥ ਧਰਮ ਕਾ ਕੀਆ, ਅਮਰਦਾਸ ਭਲੇ ਕਉ ਦੀਆ ॥

ਭਾਈ ਗੁਰਦਾਸ ਨੇ ਏਸੇ ਹੀ ਪੰਥ ਨੂੰ ਗੁਰਮੁਖ ਪੰਥ ਤੇ ਨਿਰਮਲ ਪੰਥ ਆਖਿਆ ਹੈ —

ਗੁਰਸਿਖ ਪੰਥ ਚਲਾਇਆ, ਗੁਰਸਿਖ ਮਾਇਆ ਵਿਚ ਉਦਾਸੀ। [੩੯-੧੭

ਗੁਰਮੁਖ ਸਚਾ ਪੰਥ ਹੈ, ਸਿਖ ਸਹਜ ਘਰ ਜਾਇ ਖਲੋਵੇ। [੨੮-੯

ਗੁਰਮੁਖ ਸਚਾ ਪੰਥ ਹੈ ਸਚ ਦੋਹੀ ਸਚਾ ਰਾਜ ਕਰੰਦਾ। [੨੬-੧

ਗੁਰਮੁਖ ਪੰਥ ਚਲਾਇਓਨ ਨਾਮ ਦਾਨ ਇਸਨਾਨ ਦ੍ਰਿੜਾਇਆ। [੨੩-੧

ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ। [੧-੪੫

ਗੁਰਸਿਖੀ ਮਾਰਗ ਤੇ ਇਸ ਪੰਥ ਦੇ ਬਾਨੀ ਗੁਰੂ ਨਾਨਕ ਜੀ ਖ਼ੁਦ ਆਪਣੀ ਬਾਣੀ ਵਿਚ ਇਸ ਨੂੰ ਅਤੀਤ ਗੁਰਮੁਖ ਪੰਥ ਕਹਿੰਦੇ ਹਨ —

ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥ ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥੩॥
(ਮ: ੧ ਆਸਾ, ਪੰਨਾ ੩੬੦

ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਗੁਰਮੁਖ ਪੰਥ ਨੂੰ ਮੁਕਤਿ ਪੰਥ ਕਹਿੰਦੇ ਹਨ, ਅਤੇ ਇਸਦੀ ਮੰਜ਼ਲ ਗੁਰਮੁਖ ਹੋ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ —

ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥ ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥੨॥
(ਮ: ੯, ਪੰਨਾ ੨੧੯


www.AKJ.org

ਇਸ ਪੰਥ ਦਾ ਨਿਰਾਲਾਪਨ ਸਿਖਾਂ ਦੇ ਅੰਤ੍ਰੀਵ ਉਚ ਆਚਰਨ ਵਾਲੇ ਸਰੂਪ ਤੇ ਨਿਰਭਰ ਸੀ। ਜਦ ਪ੍ਰਿਥੀਮਲ ਨੇ ਇਸ ਪੰਥ ਤੋਂ ਵਖਰੀ ਆਪਣੀ ਸਿਖੀ ਸੇਵਕੀ ਚਲਾਈ ਤਾਂ ਭਾਈ ਗੁਰਦਾਸ ਨੇ ਬੜੇ ਕਰੜੇ ਲਫਜ਼ਾਂ ਵਿਚ ਇਉਂ ਅਲੋਚਨਾ ਕੀਤੀ --

ਨਰਕ ਪੰਥ ਹੈ ਮੀਣਿਆ ਮਿਲ ਨਰਕ ਨਿਬਾਹੈ ॥
ਕਿਆ ਨੀਸਾਣੀ ਮੀਣਿਆ ਖੋਟਸਾਲੀ ਸਿਕੇ ॥
ਸਿਰੇ ਸਿਰ ਪਾਹਣੀ ਮਾਰੀਅਨ ਉਇ ਪੀਰ ਫਿਟਿਕੇ ॥
[੩੬-੮

ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਗੁਰੂ ਸਾਹਿਬ ਨੂੰ ਜੰਗਾਂ ਜੁਧਾਂ ਵਿਚ ਰੁਝੇ ਦੇਖ ਕੇ ਮਸੰਦਾਂ ਨੇ ਆਪਣੀ ਸਿਖੀ ਸੇਵਕੀ ਚਲਾ ਲਈ ਅਤੇ ਚਰਨ ਪਹੁਲ ਆਪ ਹੀ ਦੇਣ ਲਗ ਪਏ। ਇਨ੍ਹਾਂ ਨੂੰ ਗੁਰੂ ਸਾਹਿਬ ਨੇ ਸਹਲੰਗੀ ਸਿਖ ਆਖਿਆ, ਤੇ ਜਿਹੜੇ ਗੁਰੂ ਸਾਹਿਬ ਤੋਂ ਆਪ ਆ ਕੇ ਗੁਰਮੰਤ੍ਰ ਤੇ ਚਰਨ ਪਾਹੁਲ ਲੈਂਦੇ ਸਨ ਉਨ੍ਹਾਂ ਨੂੰ 'ਖ਼ਾਲਸਾ' ਆਖਿਆ। ਪਟਣੇ ਮੂੰਗੇਰ, ਆਲਮਗੰਜ ਦੀ ਸੰਗਤ ਨੂੰ ਗੁਰੂ ਹਰਿਗੋਬਿੰਦ ਸਾਹਿਬ ਇਕ ਹੁਕਮਨਾਮੇ ਵਿਚ ਲਿਖਦੇ ਹਨ :

"ਗੁਰੂ ਕੀ ਆਗਿਆ ਹੋਇ ਕੀਰਤਨ ਕਰਨਾ, ਇਕ ਦਾਸ ਭਲੀ ਜੁਗਤ ਰਹਿਣਾ। ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ ਹਇ।" ਇਉਂ ਖਾਲਸਾ ਸ਼ਬਦ ਗੁਰੂ ਚਰਨ ਸ਼ਰਨੋ ਵਰੋਸਾਏ ਸਿਖਾਂ ਲਈ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਵਰਤਿਆ। ਖਾਲਸਾ ਸਾਜਣ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਵੀ ਇਹ ਸ਼ਬਦ ਮਿਲਦਾ ਹੈ। ੧੬੯੯ ਈ: ਦੀ ਵਸਾਖੀ ਨੂੰ ਜਦ ਗੁਰੂ ਸਾਹਿਬ ਨੇ ਖੰਡੇ ਦੇ ਅੰਮ੍ਰਿਤ ਦੀ ਰੀਤੀ ਚਲਾਈ ਤਾਂ ਗੁਰਦੀਖਿਆ ਦੇਣ ਦੇ ਅਧਿਕਾਰ ਵੀ ਖਾਲਸਾ ਰੂਪ ਸੰਗਤ ਨੂੰ ਸੌਂਪ ਦਿਤੇ। ਇਸੇ ਲਈ ਭਾਈ ਗੁਰਦਾਸ ਦੂਜਾ ਲਿਖਦਾ ਹੈ :

"ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

ਮਾਛੀਵਾੜੇ ਦੀ ਸੰਗਤ ਨੂੰ ਲਿਖੇ ਗੁਰੂ ਗੋਬਿੰਦ ਸਿੰਘ ਦੇ ਹੁਕਮਨਾਮੇ ਤੋਂ ਵੀ ਇਹੀਓ ਗਲ ਸਿਧ ਹੁੰਦੀ ਹੈ : "ਸਰਬਤ ਸੰਗਤਿ ਮਾਛੀਵਾੜੇ ਕੀ ਗੁਰੂ ਰਖੇਗਾ। ਸੰਗਤਿ ਮੇਰਾ ਖਾਲਸਾ ਹੈ।"

ਇਥੇ ਮੈਂ ਇਹ ਗਲ ਬੜੇ ਜ਼ੋਰਦਾਰ ਸ਼ਬਦਾਂ ਵਿਚ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਖਾਲਸਾ ਪੰਥ ਦੇ ਘੇਰੇ ਵਿਚ ਹਰ ਪ੍ਰਮਾਰਥ ਦੇ ਪਾਂਧੀ ਨੂੰ ਕਦਮ ਰਖਣ ਦੀ ਅਤੇ ਇਸਤੋਂ ਆਤਮਕ ਪ੍ਰਭਾਵ ਲੈਣ ਦੀ ਖੁਲ੍ਹ ਹੈ। ਪਰ ਗੁਰੂ ਨਾਨਕ ਦੇ ਸਮੇ ਤੋਂ ਇਸਦੀਆਂ ਪੰਥਕ, ਜਥੇਬੰਦੀ, ਤੇ ਸਭਿਆਚਾਰਕ ਮਰਯਾਦਾ ਨਿਭਾਣ ਦੀ ਜ਼ਿੰਮੇਵਾਰੀ ਕੇਵਲ ਰਹਤਵਾਨ ਗੁਰਮੁਖ ਸਿਖਾਂ ਨੂੰ ਅਧਿਕਾਰ ਹੈ। ਅਸੀਂ ਪਿਛਲੇ ੩੦ ਸਾਲ ਤੋਂ ਦੇਖ ਰਹੇ ਹਾਂ ਕਿ ਪੰਥ ਦੀਆਂ ਅਹਿਮ ਜ਼ਿੰਮੇਵਾਰੀਆਂ ਬੜੇ ਸੰਕਟ ਸਮੇਂ ਬਜਾਏ ਸੂਝਵਾਨ ਉੱਚ ਆਚਰਣ ਦੇ ਬੇਗਰਜ਼ ਸਤਿਪੁਰਸ਼ਾਂ ਨੂੰ ਸੌਂਪਣ ਦੇ, ਐਸੇ ਅਮੀਰਜ਼ਾਦਿਆਂ ਤੇ ਭਦਰ ਪੁਰਸ਼ਾਂ ਨੂੰ ਸੌਂਪੀਆਂ ਜਾਂਦੀਆਂ ਰਹੀਆਂ ਹਨ ਜੋ ਸ਼ਰਾਬ ਪੀਂਦੇ,ਅਯਾਸ਼ੀ ਤੇ ਹੋਰ ਕੁਕਰਮ ਖੁਲ੍ਹਮ ਖੁਲ੍ਹੇ ਕਰਦੇ,ਨਿਤਨੇਮ,ਨਾਮ ਜਪਣਾ, ਜਾਂ ਸਿਖ ਮਰਯਾਦਾ ਦੇ ਨੇੜੇ ਨਹੀਂ ਸਨ ਲਗਦੇ, ਅਤੇ ਜਿਸ ਵੇਲੇ ਕੌਮ ਉਨ੍ਹਾਂ ਤੋਂ ਕੁਰਬਾਨੀ ਤੇ ਸਿਆਣਪ ਦੀਆਂ ਆਸਾਂ ਲਾਈ ਬੈਠੀ ਹੁੰਦੀ ਸੀ, ਇਹ ਭਦਰ ਪੁਰਸ਼ ਆਪਣੇ ਨਿਜੀ ਲਾਭਾਂ ਹਿਤ ਕੌਮ ਦੀ ਕਿਸਮਤ ਦਾ ਸੌਦਾ ਕਰ ਲੈਂਦੇ ਰਹੇ। ਹੁਕਮਰਾਨ ਸਰੇਣੀ ਵਿਚ ਪਰਵਾਨ ਚੜ੍ਹਨ ਲਈ ਸਾਰੀ ਸਿਖ ਕੌਮ ਦੀ ਪਿਠ ਵਿਚ ਛੁਰਾ ਮਾਰਨੋਂ ਨਾ ਸੰਕੋਚ ਕਰਦੇ। ਸਿਖ ਸਰੂਪ ਧਾਰ ਕੇ ਪਹਿਲਾਂ ਡੋਗਰਿਆਂ ਨੇ ਸਾਡੀ ਸਾਰੀ ਰਾਜ-ਸ਼ਕਤੀ ਦਰਿਆਵਾਂ ਵਿਚ ਰੋੜ੍ਹ ਦਿਤੀ, ਅਜ ਆਪਣੇ ਹੀ ਸਿਖ ਸਰੂਪ ਵਾਲੇ ਭਰਾ ਸਾਡੀਆਂ ਅਖਾਂ ਦੇ ਸਾਹਮਣੇ ਕੌਮ ਦੀ ਕਿਸਮਤ ਨਾਲ ਬੜੀ ਬੇਰਹਿਮੀ ਨਾਲ ਖੇਡਦੇ ਰਹੇ ਹਨ। ਇਹੀਓ ਕਾਰਨ ਹੈ ਕਿ ਸਾਡੀ ਸਿਆਸਤ ਦਿਨੋ ਦਿਨ ਨਿਘਰਦੀ ਜਾਂਦੀ ਹੈ। ਅਸੀਂ ਦੇਖਦੇ ਹਾਂ ਬਾਹਰੋਂ ਪੂਰੇ ਕੇਸ ਦਾੜ੍ਹੀ ਵਾਲੇ ਸਿਖ ਬੁਧੀਵਾਨ, ਪਰ ਜੇ ਪੁਛੋ 'ਤੁਹਾਡਾ ਇਸ਼ਟ ਕੌਣ ਹੈ' ਤਾਂ ਉਤਰ ਦਿੰਦੇ ਹਨ : "ਮਾਰਕਸ ਤੇ ਲੈਨਿਨ"। ਰੱਬ ਵਿਚ ਉਨ੍ਹਾਂ ਨੂੰ ਕੋਈ ਵਿਸ਼ਵਾਸ ਨਹੀਂ। ਗੁਰੂ ਸਾਹਿਬਾਨ ਨੂੰ ਉਹ ਲੈਨਿਨ ਤੋਂ ਨੀਵਾਂ ਸਮਝਦੇ ਹਨ। ਅਸੀਂ ਦੇਖਦੇ ਹਾਂ ਸਿਖੀ ਸਰੂਪ ਵਾਲੇ ਸਿਖ, ਪਰ ਜੇ ਪੁਛੋ ਤੁਹਾਡਾ ਗੁਰੂ ਕੌਣ ਹੈ ਤਾਂ ਕੋਈ ਬਿਆਸਾ ਵਾਲੇ ਵਲ ਉਂਗਲ ਕਰਦਾ ਹੈ, ਕੋਈ ਨਿਰੰਕਾਰੀ ਵਲ ਤੇ ਕੋਈ ਹੋਰ ਕਿਸੇ



www.AKJ.Org

ਭੇਖਧਾਰੀ ਸਾਧ ਵਲ । ਅਸੀਂ ਦੇਖਦੇ ਹਾਂ ਸਾਡੇ ਗ੍ਰੰਥੀ, ਸਾਡੇ ਪ੍ਰਚਾਰਕ, ਸਾਡੇ ਧਾਰਮਕ ਆਗੂ, ਤੇ ਬੜੀਆਂ ਉਚ ਪਧਰ ਦੀਆਂ ਸਿਖ ਸੰਸਥਾਵਾਂ ਨਾਲ ਸਬੰਧਤ ਸਜਨ ਸਿਖੀ ਦੀ ਕਸਵਟੀ ਉਤੇ ਕਿਸੇ ਪਖੋਂ ਵੀ ਪੂਰੇ ਨਹੀਂ ਉਤਰਦੇ । ਕੀ ਕਹੀਏ ਐਸੇ ਸਿਖ ਸਰੂਪ ਵਾਲੀ ਲੀਡਰ-ਸ਼ਿਪ ਨੂੰ । ਸਿਖ ਦਾ ਮਾਨਸਕ ਤੇ ਆਤਮਕ ਸਰੂਪ ਮਰਯਾਦਾ ਜੇ ਸਿਖ ਆਚਰਣ ਦੇ ਪਰਾਇਣ ਨਹੀਂ ਤਾਂ ਉਨ੍ਹਾਂ ਦੇ ਸਿਖੀ ਸਰੂਪ ਦਾ ਕੌਡੀ ਮੁਲ ਨਹੀਂ। ਮੈਨੂੰ ਅਫ਼ਸੋਸ ਹੈ ਉਨ੍ਹਾਂ ਸਜਨਾਂ ਉਤੇ ਜੋ ਕੇਵਲ ਸਿਖੀ ਸਰੂਪ ਉਤੇ ਜ਼ੋਰ ਦਿੰਦੇ ਹਨ ਅਤੇ ਛੋਟ ਮੰਗਦੇ ਹਨ ਸ਼ਰਾਬ ਦੀ, ਬਦ-ਅਖ਼ਲਾਕੀ ਦੀ ਅਤੇ ਹੋਰ ਕੁਕਰਮਾਂ ਦੀ। ਲੋੜ ਹੈ ਅਜ ਸਾਨੂੰ ਬੁਧੀਵਾਨ ਸਰੇਣੀ, ਅਧਿਆਪਕ ਸਰੇਣੀ ਤੇ ਲੀਡਰ ਸਰੇਣੀ ਵਿਚ ਆਪਣਾ ਮਾਨਸਕ ਤੇ ਆਤਮਕ ਸਰੂਪ ਇਖ਼ਲਾਕੀ ਕੀਮਤਾਂ ਅਨੁਸਾਰ ਢਾਲਣ ਦੀ । ਅਜ ਸਿਖੀ ਜਜ਼ਬਾ ਕਈ ਗੁਣਾ ਜ਼ਿਆਦਾ ਹੈ, ਸਿਖੀ ਪ੍ਰਫੁਲਤ ਹੋ ਰਹੀ ਹੈ । ਸਿੱਖੀ ਲਈ ਚਾਰ ਚੁਫੇਰੇ ਸ਼ਰਧਾ ਵੀ ਵਧ ਰਹੀ ਹੈ, ਪਰ ਸਾਡੇ ਬੁਧੀਵਾਨ ਤੇ ਲੀਡਰ ਤਬਕੇ ਦੇ 'ਮਨ ਹੋਰ ਤੇ ਮੁਖ ਹੋਰ' ਵਾਲੇ ਕਾਰਨਾਮੇ ਦੇਖ ਸਿਖ ਕੌਮ ਦਾ ਬਾਰ ਬਾਰ ਸਿਰ ਨੀਵਾਂ ਹੁੰਦਾ ਹੈ, ਹਾਲਤ ਦਿਨੋ ਦਿਨ ਨਿਘਰਦੀ ਜਾਂਦੀ ਹੈ । ਮੈਂ ਇਥੇ ਬੈਠੇ ਕੌਮ ਦੇ ਚਿੰਤਕਾਂ ਦਾ ਧਿਆਨ ਇਸ ਵਲ ਦੁਆਣਾ ਚਾਹੁੰਦਾ ਹਾਂ: ਆਓ ਲੋਕਾਂ ਨੂੰ ਸਿੱਖੀ ਦਾ ਪ੍ਰਚਾਰ ਕਰਨ ਤੋਂ ਪਹਿਲਾਂ ਅਸੀਂ ਆਪਣੇ ਇਖ਼ਲਾਕੀ ਸਰੂਪ ਨੂੰ ਹਰ ਥਾਂ ਸਤਿਕਾਰੇ ਜਾਣ ਵਾਲਾ ਤੇ ਹਰ ਇਕ ਦਾ ਵਿਸ਼ਵਾਸ ਜਿਤਣ ਵਾਲਾ ਬਣਾਈਏ । ਫਿਰ ਅਸੀਂ ਨੌਜਵਾਨਾਂ ਦੇ ਸੁਧਾਰ ਵਲ ਟੁਰੀਏ, ਨੌਜਵਾਨ ਕੇਵਲ ਪੰਜਾਬ ਵਿਚ ਹੀ ਵਧੇਰੇ ਸਿਖੀ ਤੋਂ ਦੂਰ ਜਾ ਰਹੇ ਹਨ, ਕਿਉਂਕਿ ਅਸੀਂ ਪੰਜਾਬ ਦੇ ਆਗੂ ਤੇ ਬੁਧੀਵਾਨ ਉਪਰੋਂ ਸਿੱਖੀ ਸਰੂਪ ਵਾਲੇ ਹਾਂ, ਪਰ ਸਾਡਾ ਕਰਤਵ ਕੋਈ ਵੀ ਸਿਦਕੀ ਤੇ ਗੁਰਸਿੱਖੀ ਤੇ ਚਲਣ ਵਾਲੇ ਸਿੱਖਾਂ ਦਾ ਨਹੀਂ । ਪੰਜਾਬ ਤੋਂ ਬਾਹਰ ਸਿਖ ਨੌਜਵਾਨਾਂ ਨੂੰ ਚੰਗੀ ਪ੍ਰੇਰਨਾ ਮਿਲ ਰਹੀ ਹੈ, ਇਸ ਲਈ ਸਿਖੀ ਪ੍ਰਫੁਲਤ ਹੋ ਰਹੀ ਹੈ। ਆਓ ਅਸੀਂ ਜੋ ਗੁਰੂ ਗ੍ਰੰਥ ਤੇ ਪੰਥ ਦੇ ਆਦਰਸ਼ਾਂ ਤੋਂ ਬਹੁਤ ਦੂਰ ਹਾਂ, ਗੁਰੂ ਗ੍ਰੰਥ ਤੇ ਗੁਰੂ ਪੰਥ ਦੇ ਆਦਰਸ਼ਾਂ ਦੀ ਚਰਨ ਸ਼ਰਨ ਪਹੁੰਚੀਏ ਅਤੇ ਇਖ਼ਲਾਕੀ ਅਸੂਲਾਂ ਤੇ ਅਮਲ ਕਰੀਏ ।

---

# ਗੁਰਦਵਾਰਾ ਸਤਿਸੰਗ, ਸਦਰ ਬਜ਼ਾਰ, ਮੇਰਠ ਛਾਵਣੀ ਦਾ ਮਤਾ

ਗੁਰਦਵਾਰਾ ਸਤਿਸੰਗ, ਸਦਰ ਬਜ਼ਾਰ ਮੇਰਠ ਵਿਖੇ ਅਜ ਵਿਸਾਖੀ ਦੇ ਪੁਰਬ ਤੇ ਭਾਰੀ ਸਜਿਆ ਦੀਵਾਨ ਇਹ ਦੇਖ ਕੇ ਅਤੀ ਦੁਖ ਪ੍ਰਗਟ ਕਰਦਾ ਹੈ ਕਿ ਮੇਰਠ ਦੇ ਮਿਲਟਰੀ ਸੈਂਟਰਾਂ ਵਿਚ ਸਿਖ-ਜੁਆਨ ਰੋਮਾਂ ਦੀ ਬੇ-ਅਦਬੀ ਕਰਦੇ ਹਨ ਤੇ ਅਫ਼ਸਰਾਂ ਵਲੋਂ ਉਨ੍ਹਾਂ ਨੂੰ ਕੋਈ ਤਾੜਨਾ ਨਹੀਂ ਕੀਤੀ ਜਾਂਦੀ, ਜਦ ਕਿ ਮਿਲਟਰੀ ਨਿਯਮਾਂ ਅਨੁਸਾਰ ਓਹ ਸਜ਼ਾ ਦੇ ਹਕਦਾਰ ਬਣਦੇ ਹਨ । ਜੇਕਰ ਇਸ ਬੀਮਾਰੀ ਨੂੰ ਰੋਕਿਆ ਨਾ ਗਿਆ ਤਾਂ ਸਿਖ ਜੁਆਨ ਚਰਿਤ੍ਰ-ਹੀਨ ਹੋ ਜਾਣਗੇ ਤੇ ਦੇਸ਼ ਕੌਮ ਲਈ ਹਾਨੀਕਾਰਕ ਸਾਬਤ ਹੋਣਗੇ ।

ਇਹ ਦੀਵਾਨ ਡੀਫ਼ੈਂਸ ਮਨਿਸਟਰ ਤਥਾ ਚੀਫ਼ ਆਫ਼ ਦੀ ਆਰਮੀ ਸਟਾਫ਼ ਪਾਸੋਂ ਜ਼ੋਰਦਾਰ ਅੱਖਰਾਂ ਵਿਚ ਮੰਗ ਕਰਦਾ ਹੈ ਜੋ ਅੰਗਰੇਜ਼ਾਂ ਦੇ ਸਮੇਂ ਤੋਂ ਬਣੇ ਹੋਏ ਮਿਲਟਰੀ ਨਿਯਮਾਂ ਨੂੰ ਚੰਗੀ ਤਰ੍ਹਾਂ ਲਾਗੂ ਕੀਤਾ ਜਾਵੇ, ਤਾਂ ਜੁ ਸਾਡੀ ਮਿਲਟਰੀ ਵਿਚ ਕਿਸੇ ਪ੍ਰਕਾਰ ਦੀ ਕਮਜ਼ੋਰੀ ਨ ਆ ਸਕੇ । ਜੋ ਆਦਮੀ ਧਰਮ ਤੋਂ ਗਿਰ ਜਾਵੇ ਓਹ ਜੰਗ ਦੇ ਮੈਦਾਨ ਵਿਚ ਸਫਲ ਨਹੀਂ ਹੋ ਸਕਦਾ ।

ਦਾਸ—

ਸਕੱਤਰ, ਗੁਰਦਵਾਰਾ ਸਤਿਸੰਗ, ਸਦਰ, ਮੇਰਠ ਛਾ:


www.AKJ.org

# ਗੁਰੂ ਅਮਰਦਾਸ ਜੀ
## ਗੁਰੂ ਮਿਲਾਪ ਅਤੇ ਗੁਰੂ ਸੇਵਾ

[ਵਲੋਂ—ਸ: ਕੁੰਭੇਰ ਸਿੰਘ ਜੀ, ਫ਼ੀਰੋਜ਼ਪੁਰ]

ਸ੍ਰੀ ਗੁਰੂ ਅਮਰਦਾਸ ਜੀ ਨੇ ਵਿਸ਼ਾਖ ਸੁਦੀ ੧੪ ਸੰਮਤ ੧੫੩੬ ਵਿਚ ਬਾਸਰਕੇ ਤਸੀਲ ਅੰਮ੍ਰਿਤਸਰ ਪਿਤਾ ਸ੍ਰੀ ਤੇਜਭਾਨ, ਮਾਤਾ ਸ੍ਰੀ ਸੁਲੱਖਣੀ (ਲਖਮੀਂ) ਜੀ ਦੇ ਗ੍ਰਿਹਿ ਵਿਖੇ ਅਵਤਾਰ ਧਾਰਿਆ। ਆਪ ਦੀ ਰੁਚੀ ਦਾ ਝੁਕਾਉ ਬਚਪਨ ਤੋਂ ਹੀ ਧਰਮ ਵਾਲੇ ਪਾਸੇ ਸੀ ਅਤੇ ਇਹ ਰੁਚੀ ਧਰਮ ਵਾਲੇ ਪਾਸੇ ਦਿਨ ਬਦਿਨ ਵਧਦੀ ਗਈ। ਇਹੋ ਕਾਰਨ ਸੀ ਕਿ ਦੁਨਿਆਵੀ ਕਾਰ ਵਿਹਾਰ ਕਰਦਿਆਂ ਹੋਇਆਂ ਵੀ ਆਪ ਹਰ ਸਾਲ ਗੰਗਾ ਦੀ ਯਾਤਰਾ ਕਰਨ ਲਈ ਜਾਣ ਲਗ ਪਏ। ਗੰਗਾਂ ਦੀ ਯਾਤਰਾ ਦਾ ਇਹ ਨੇਮ ਆਪ ਨੇ ਲਗ ਪਗ ਚਾਲੀ ਸਾਲ ਦੀ ਆਯੂ ਵਿਚ ਅਰੰਭਿਆ ਸੀ। ਯਾਤਰਾ ਦੇ ਦੌਰਾਨ ਉਨ੍ਹਾਂ ਨੂੰ ਕਈ ਸਾਧੂਆਂ, ਮਹਾਤਮਾਂ ਤੇ ਪੰਡਤਾਂ ਆਦਿਕ ਦੀ ਸੰਗਤ ਕਰਨ ਦਾ ਮੌਕਾ ਵੀ ਮਿਲ ਜਾਂਦਾ ਸੀ, ਜਿਸ ਦੇ ਸਦਕਾ ਆਪ ਦੇ ਹਿਰਦੇ ਅੰਦਰ ਪ੍ਰਭੂ-ਪਰਾਪਤੀ ਲਈ ਲਾਲਸਾ ਬੜੀ ਤੀਬਰ ਹੋ ਗਈ। ਪਰ ਪ੍ਰਭੂ-ਪ੍ਰਾਪਤੀ ਲਈ ਸਚੇ ਗੁਰੂ ਦੀ ਲੋੜ ਸੀ, ਜਿਸ ਦੀ ਭਾਲ ਵਿਚ ਵੀ ਉਹ ਪੁਛ ਗਿਛ ਕਰਦੇ ਰਹਿੰਦੇ।

ਉਹ ਆਪਣੇ ਨੇਮ ਅਨੁਸਾਰ ਵੀਹਵੀਂ ਵਾਰ ਗੰਗਾ ਇਸ਼ਨਾਨ ਕਰ ਕੇ ਵਾਪਸ ਆ ਰਹੇ ਸਨ। ਰਸਤੇ ਵਿਚ ਮੇਹੜੇ ਪਿੰਡ ਕੁਝ ਸਮਾਂ ਆਰਾਮ ਕੀਤਾ ਤੇ ਫਿਰ ਤੁਰ ਪਏ। ਇਥੇ ਹੀ ਇਕ ਬ੍ਰਹਮਚਾਰੀ ਆਪਦਾ ਸੰਗੀ ਹੋ ਗਿਆ। ਰਸਤੇ ਵਿਚ ਇਕੱਠੇ ਖਾਂਦੇ ਪੀਂਦੇ ਅਤੇ ਬਚਨ ਬਿਲਾਸ ਕਰਦੇ ਆਏ। ਇਸ ਤਰ੍ਹਾਂ ਉਹ ਇਕ ਦੂਜੇ ਦੇ ਬਹੁਤ ਨੇੜੇ ਹੋ ਗਏ। ਇਹ ਬ੍ਰਹਮਚਾਰੀ ਆਪ ਦੇ ਨਾਲ ਹੀ ਆਪ ਦੇ ਗ੍ਰਿਹਿ, ਪਿੰਡ ਬਾਸਰਕੇ ਆ ਗਿਆ। (ਗੁਰੂ) ਅਮਰਦਾਸ ਜੀ ਨੇ ਇਸ ਦਾ ਚੰਗਾ ਆਦਰ ਮਾਣ ਕੀਤਾ ਤੇ ਪ੍ਰਸਾਦਿ ਪਾਣੀ ਛਕਾਇਆ। ਉਪ੍ਰੰਤ ਫਿਰ ਆਪਸ ਵਿਚ ਧਾਰਮਿਕ ਚਰਚਾ ਕਰਨ ਲਗ ਪਏ। ਚਰਚਾ ਕਰਦਿਆਂ ਬ੍ਰਹਮਚਾਰੀ ਨੇ ਆਪ ਤੋਂ ਪੁਛਿਆ, "ਕਿਸ ਗੁਰੂ ਕੋਲੋਂ ਆਪ ਨੇ ਦੀਖਿਆ ਲਈ ਹੈ? ਆਪ ਨੇ ਬੜੀ ਨਿਮ੍ਰਤਾ ਨਾਲ ਉਤਰ ਦਿਤਾ, "ਹੇ ਬ੍ਰਹਮਚਾਰੀ ਜੀ! ਮੈਂ ਹਾਲੇ ਤਾਈਂ ਕੋਈ ਗੁਰੂ ਧਾਰਨ ਨਹੀਂ ਕੀਤਾ, ਬੜੀ ਚਾਹ ਨਾਲ ਖੋਜ ਤਾਂ ਕੀਤੀ ਹੈ ਪਰ ਕੋਈ ਗੁਰੂ ਮਿਲਿਆ ਨਹੀਂ, ਇਸ ਤਰ੍ਹਾਂ ਨਾ ਗੁਰੂ ਦੀ ਸੇਵਾ ਕੀਤੀ ਹੈ ਤੇ ਨਾ ਗੁਰ-ਦੀਖਿਆ ਲਈ ਹੈ।" ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਲਿਖਦੇ ਹਨ:—

> ਸੁਣ ਸ੍ਰੀ ਅਮਰ ਬਖਾਨਯੋ ਗੁਰੂ ਮੋਹਿ ਨ ਪਾਯੋ।
> ਖੋਜ ਰਹਯੋ ਅਭਿਲਾਖ ਸੋਂ ਕੋ ਦ੍ਰਿਸਟਿ ਨ
> ਆਯੋ। ਨਹੀਂ ਦੀਖੀਯਾ ਕਿਸ ਕੀ ਲਈ ਮੈਂ
> ਕਰੀ ਨ ਸੇਵਾ। ਅਬਿ ਲਗ ਬਾਂਛਤ ਹੌਂ ਰਿਦੈ
> ਕਰਿਹੋਂ ਗੁਰ ਸੇਵਾ॥

ਇਹ ਉਤਰ ਸੁਣਦੇ ਸਾਰ ਬ੍ਰਹਮਚਾਰੀ ਲਾਲ ਪੀਲਾ ਹੋ ਗਿਆ ਤੇ ਕਿਹਾ, "ਓਹੋ! ਮੇਰੇ ਤਪ, ਤੀਰਥ, ਬਰਤ ਅਤੇ ਹੋਰ ਪੁੰਨ ਕੀਤੇ ਬੇਅਰਥ ਗਏ, ਨਿਗੁਰੇ ਨਾਲ ਖਾਨ ਪਾਨ ਕਰ ਕੇ ਸਭ ਨਿਸਫਲ ਹੋ ਗਏ।

> ਸੁਨਤਿ ਦੁਖਯੋ ਅਤਿ ਚਿਤ ਬਿਖੈ ਬੋਲਿਯੋ
> ਬ੍ਰਹਮਚਾਰੀ। ਤਪ ਤੀਰਥ ਬ੍ਰਤਿ ਘਾਲ ਭੀ
> ਬਿਫਲ ਹਮਾਰੀ॥੨੯॥ ਨਿਗੁਰੇ ਕੇ ਸੰਗੀ ਭਯੋ
> ਕਿਯ ਖਾਨ ਰੁਪਾਨਾ। ਪੁੰਨ ਅਕਾਰਥ ਸਭਿ ਭਏ
> ਮੁਝ ਚਿੰਤ ਮਹਾਨਾ॥੩੦॥ (ਸੂਰਜ ਪ੍ਰਕਾਸ਼)

ਇਤ ਆਦਿਕ ਕਹਿੰਦਿਆਂ ਬ੍ਰਹਮਚਾਰੀ ਗੁਸੇ ਵਿਚ ਉਠ ਖਲੋਤਾ ਤੇ ਘਰੋਂ ਬਾਹਰ ਹੋ ਉਹ ਆਪਣੇ ਰਾਹ ਪੈ ਗਿਆ। ਏਧਰ ਬ੍ਰਹਮਚਾਰੀ ਦੇ ਇਹ ਤਾਅਨੇ ਸੁਣ ਕੇ (ਗੁਰੂ) ਅਮਰਦਾਸ ਜੀ ਹੈਰਾਨ ਹੋ ਕੇ ਰਹਿ ਗਏ ਤੇ ਉਹਨਾਂ ਦੇ ਹਿਰਦੇ ਵਿਚ ਗੁਰੂ-ਮਿਲਾਪ ਲਈ ਐਸੀ ਤੜਪ ਉਠੀ ਕਿ ਬ੍ਰਿਹੋਂ ਦੀ ਅਗਨੀ ਨੇ ਬੇਚੈਨ ਕਰ ਦਿਤਾ। ਹੁਣ ਉਹਨਾਂ ਦਾ ਗੁਰੂ ਤੋਂ ਬਿਨਾਂ ਇਕ ਨਿਮਖ ਕਲਪ ਸਮਾਨ ਬੀਤਣ ਲਗਾ।

> ਨਿਮਖ ਏਕ ਕਲਪ* ਸਮ ਬੀਤੇ। ਕਬ ਪਾਵੋਂ
> ਗੁਰ ਪਰਮ ਪ੍ਰੀਤੇ। (ਮਹਿਮਾ ਪ੍ਰਕਾਸ਼)

---

*ਕਲਪ ਪੁਰਾਣਾਂ ਅਨੁਸਾਰ ਬ੍ਰਹਮਾ ਦਾ ਇਕ ਦਿਨ ਜੋ ੪੩੨੦੦੦੦੦੦੦ ਵਰ੍ਹਿਆਂ ਦਾ ਹੁੰਦਾ ਹੈ।



www.AKJ.Org

ਗੁਰੂ ਦੇ ਬਗੈਰ ਵਿਆਕੁਲ ਹੋਏ ਹੋਏ ਪ੍ਰਭੂ ਅਗੇ ਅਰਦਾਸ ਕਰਦੇ ਹਨ, ਹੇ ਪ੍ਰਭੂ ! ਪੂਰੇ ਗੁਰੂ ਦਾ ਦਰਸ-ਮਿਲਾਪ ਕਰਾ ਦੇਵੋ।

ਅਤ ਪ੍ਰੇਮ ਸਹਤ ਬਿਨਤ ਕਰੇਂ ਹੇ ਪ੍ਰਭ ਦੀਨ
ਦਿਆਲ। ਪੂਰਾ ਗੁਰ ਗਿਆਨੀ ਮਿਲੇ ਮਨ ਤਨ
ਹੋਇ ਨਿਹਾਲ। (ਮਹਿਮਾ ਪ੍ਰਕਾਸ਼)

ਇਸ ਤਰ੍ਹਾਂ ਇਸੇ ਦਸ਼ਾ ਵਿਚ ਰਾਤ ਜਾਗਦੇ ਰਹੇ। ਫਿਰ ਦਿਨ ਚੜ੍ਹਿਆ। ਨੀਂਦ ਭੁਖ ਸਭ ਵਿਸਰ ਗਈ। ਦਿਨ ਵੀ ਏਸੇ ਚਿੰਤਾ ਵਿਚ ਬੀਤ ਗਿਆ। ਰਾਤ ਪੈ ਗਈ। ਉਹ ਵੀ ਜਾਗਦਿਆਂ ਕਟੀ। ਅਗਲਾ ਦਿਨ ਵੀ ਏਸੇ ਵਿਆਕੁਲਤਾ ਵਿਚ ਬੀਤ ਗਿਆ। ਤੇ ਇਉਂ ਤੀਜੀ ਰਾਤ ਆ ਗਈ ਕਦੇ ਪ੍ਰਭੂ ਅਗੇ, ਕਦੇ ਗੰਗਾ ਮਾਈ ਅਗੇ ਬੇਨਤੀ ਕਰਦੇ ਹਨ ਕਿ ਗੁਰੂ ਮਿਲਾਪ ਕਰਾ ਦੇਵੇ। ਤੇ ਹੁਣ ਅਣਡਿਠੇ ਗੁਰੂ ਨੂੰ ਵੀ ਧਿਆਉਣਾ ਸ਼ੁਰੂ ਕੀਤਾ ਤੇ ਕਹਿੰਦੇ ਹਨ—

ਸਰਬ ਥਾਨ ਸਭਿ ਕਾਲ ਮਹਿੰ ਸਤਿਗੁਰ ਹੈਂ
ਬਯਾਪੇ। ਬਿਨਤੀ ਸੁਨਿ ਕੇ ਸ਼ੌਨ ਮੈਂ ਦਿਹੁ
ਦਰਸ਼ਨ ਆਪੇ। (ਸੂਰਜ ਪ੍ਰਕਾਸ਼)

ਹੇ ਗੁਰੂ ਜੀ! ਆਪ ਹੀ ਕਿਰਪਾ ਕਰ ਕੇ ਦਾਸ ਨੂੰ ਦਰਸ਼ਨ ਦੇਵੋ। ਤੇ ਕਿਸੇ ਵੇਲੇ ਪਰੇਮ ਅਤੇ ਚਿੰਤਾ ਵਿਚ ਗਲਤਾਨ ਹੋਇ ਕਹਿ ਉਠਦੇ ਹਨ ਕਿ ਗੁਰੂ ਤੋਂ ਬਿਨਾਂ ਮਰਨਾ ਹੀ ਠੀਕ ਹੈ। ਹੁਣ ਜਾਂ ਤਾਂ ਮਰ ਜਾਵਾਂ, ਜਾਂ ਪੂਰਾ ਸਤਿਗੁਰੂ ਮਿਲ ਜਾਵੇ।

ਪਰੇਮ ਅਧਿਕ ਚਿੰਤਾ ਬਹੁਤ ਉਰ ਮਹਿਦ
ਬਿਸੂਰਾ। ਕੈ ਮਰਿਹੋਂ ਕੈ ਮਿਲਹਿ ਅਬਿ ਸ੍ਰੀ
ਸਤਿਗੁਰ ਪੂਰਾ॥ (ਸੂਰਜ ਪ੍ਰਕਾਸ਼)

ਇਸ ਤਰ੍ਹਾਂ ਇਹਨਾਂ ਸੋਚਾਂ ਫਿਕਰਾਂ ਅਤੇ ਬੇਨਤੀਆਂ ਵਿਚ ਜਾਗਦਿਆਂ ਇਹ ਰਾਤ ਵੀ ਲੰਘ ਰਹੀ ਸੀ ਕਿ ਅੰਮ੍ਰਿਤ ਵੇਲੇ ਸਵਾ ਪਹਿਰ ਰਾਤ ਰਹਿੰਦੀ ਇਕ ਮਧੁਰ ਧੁਨੀ ਵਲ ਸੁਰਤੀ ਬਿਰਤੀ ਖਿੱਚੀ ਗਈ। ਇਸ ਸੁਹਾਵਣੇ ਵੇਲੇ ਬੀਬੀ ਅਮਰੋ, ਜੋ ਆਪ ਦੇ ਭਤੀਜੇ ਦੇ ਘਰੋਂ ਸੀ, ਲਸੀ ਰਿੜਕ ਰਹੀ ਸੀ ਤੇ ਨਾਲ ਗੁਰਬਾਣੀ ਦਾ ਬੜੇ ਪਰੇਮ ਰੰਗ ਵਿਚ ਤੇ ਮਧੁਰ ਸੁਰ ਵਿਚ ਪਾਠ ਕਰ ਰਹੀ ਸੀ, ਇਹ ਬੀਬੀ ਅਮਰੋ ਗੁਰੂ ਅੰਗਦ ਦੇਵ ਜੀ ਦੀ ਸਪੁਤਰੀ ਸੀ। ਸੋ ਸ੍ਰੀ (ਗੁਰੂ) ਅਮਰਦਾਸ ਜੀ ਨੇ ਇਹ ਗਿਆਨ ਪੂਰਤ ਬਾਣੀ ਬੜੇ ਧਿਆਨ ਨਾਲ ਸੁਣੀ ਤੇ ਉਠ ਕੇ ਕਿਸੇ ਉਹਲੇ ਹੋ ਕੇ ਬੀਬੀ ਅਮਰੋ ਜੀ ਦੇ ਹੋਰ ਨੇੜੇ ਹੋ ਗਏ। ਬਾਣੀ ਦਾ ਮਧੁਰ ਧੁਨੀ ਵਿਚ ਪਾਠ ਅਮੋਘ ਬਾਣਾਂ ਵਾਂਗ ਘਾਇਲ ਕਰ ਰਿਹਾ ਸੀ। ਸੁਣ ਕੇ ਸ੍ਰੀ (ਗੁਰੂ) ਅਮਰਦਾਸ ਜੀ ਗਦ ਗਦ ਹੋ ਗਏ। ਹਿਰਦੇ ਵਿਚ ਠੰਡ ਪੈ ਗਈ ਤੇ ਆਸਾ ਪੂਰੀ ਹੋਣ ਦੀ ਧਰਵਾਸ ਬਝ ਗਈ। ਜਿਸ ਤਰ੍ਹਾਂ ਮੂਰਛਿਤ ਹੋਏ ਹੋਏ ਲਛਮਣ ਨੂੰ ਅੰਮ੍ਰਿਤ ਸੰਜੀਵਣੀ ਬੂਟੀ ਮਿਲ ਗਈ ਹੋਵੇ, ਅਥਵਾ ਜਿਸ ਤਰ੍ਹਾਂ ਪਪੀਹੇ ਨੂੰ ਸੁਆਂਤ ਬੂੰਦ ਮਿਲ ਜਾਂਦੀ ਹੈ, ਇਸੇ ਤਰ੍ਹਾਂ ਸ੍ਰੀ (ਗੁਰੂ) ਅਮਰਦਾਸ ਜੀ ਨੂੰ ਗੁਰਬਾਣੀ ਦੇ ਸ਼ਬਦਾਂ ਨੇ ਸੁਰਜੀਤ ਕਰ ਦਿਤਾ। ਭਾਈ ਸਰੂਪ ਦਾਸ ਜੀ ਭੁਲਾ ਲਿਖਦੇ ਹਨ :—

ਗੁਰਬਾਨੀ ਬੀਬੀ ਪਾਠ ਮੁਖ ਕਰੀ। ਸੁਨੀ
ਸਾਹਿਬ ਹਿਰਦੇ ਸਭ ਧਰੀ। ਪੁਲਕਿਓ ਤਨ
ਗਦ ਗਦ ਮਨ ਭਇਆ। ਜਿਮ ਲਛਮਨ ਮੁਖ
ਅੰਮ੍ਰਿਤ ਪਇਆ। ਚਿਤਵਨ ਮਿਟੀ ਭਈ ਮਨ
ਆਸਾ। ਲੇ ਸੁਆਂਤ ਬੂੰਦ ਚਾਤ੍ਰਿਕ ਗਈ
ਪਿਆਸਾ। (ਮਹਿਮਾ ਪ੍ਰਕਾਸ਼)

(ਗੁਰੂ) ਅਮਰਦਾਸ ਜੀ ਹੁਣ ਬੀਬੀ ਜੀ ਦੇ ਨਿਕਟ ਗਏ ਤੇ ਨਿੰਮ੍ਰਤਾ ਨਾਲ ਕਿਹਾ, "ਪੁਤਰੀ! ਇਹ ਬਾਣੀ ਕਿਸ ਦੀ ਹੈ ? ਤੇ ਉਹ ਕਿਥੇ ਰਹਿੰਦਾ ਹੈ ?" ਬੀਬੀ ਜੀ ਨੇ ਕਿਹਾ, "ਪਿਤਾ ਜੀ! ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ। ਉਹ ਆਪ ਸਚਖੰਡ ਵਿਚ ਹਨ ਤੇ ਉਹਨਾਂ ਦੀ ਥਾਂ ਮੇਰੇ ਪਿਤਾ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ, ਗਦੀ ਤੇ ਬਿਰਾਜਮਾਨ ਹੋ ਕੇ ਜਗਤ ਨੂੰ ਤਾਰ ਰਹੇ ਹਨ।" (ਗੁਰੂ) ਅਮਰਦਾਸ ਜੀ ਨੇ ਬੇਨਤੀ ਕੀਤੀ, "ਪੁਤਰੀ! ਛੇਤੀ ਕਰ, ਮੈਨੂੰ ਉਹਨਾਂ ਪਾਸ ਲੈ ਚਲ, ਤੇ ਮੇਰੀ ਚਿਰਾਂ ਦੀ ਆਸਾ ਪੂਰੀ ਕਰ।" ਸੋ ਇਹੋ ਜਿਹੀ ਵਾਰਤਾਲਾਪ ਹੋਈ। ਬੀਬੀ ਅਮਰੋ ਜੀ ਅਤੇ (ਗੁਰੂ) ਅਮਰਦਾਸ ਜੀ ਖਡੂਰ ਜਾਣ ਲਈ ਤਿਆਰ ਹੋ ਪਏ।

ਹਾਂ ਜੀ! ਬੀਬੀ ਅਮਰੋ ਜੀ ਤੇ (ਗੁਰੂ) ਅਮਰਦਾਸ ਜੀ ਖਡੂਰ ਸਾਹਿਬ ਗੁਰੂ ਅੰਗਦ ਦੇਵ ਜੀ ਦੇ ਦਰ ਤੇ ਅਪੜ ਗਏ। ਬੀਬੀ ਅਮਰੋ ਨੇ (ਗੁਰੂ) ਅਮਰਦਾਸ ਜੀ


www.AKJ.Org

ਨੂੰ ਬਾਹਰ ਬਿਠਾ ਕੇ ਆਪ ਅੰਦਰ ਜਾ ਗੁਰੂ-ਚਰਨਾਂ ਵਿਚ ਨਮਸਕਾਰ ਕੀਤੀ। ਤਾਂਕਿ ਪਿਤਾ ਜੀ ਤੋਂ ਆਗਿਆ ਲੈ ਕੇ (ਗੁਰੂ) ਅਮਰਦਾਸ ਜੀ ਨੂੰ ਬੁਲਾ ਲਿਆਵੇ। ਅੰਦਰ ਦੀਆਂ ਜਾਨਣਹਾਰ ਨੇ ਬੀਬੀ ਅਮਰੋ ਨੂੰ ਫ਼ੁਰਮਾਨ ਕੀਤਾ, "ਪੁਤਰੀ! ਜਿਸ ਨੂੰ ਤੂੰ ਨਾਲ ਲੈ ਕੇ ਆਈ ਹੈਂ, ਉਸਨੂੰ ਕਿਉਂ ਬਾਹਰ ਬਿਠਾ ਆਈ ਹੈਂ? ਉਸ ਨੂੰ ਵੀ ਨਾਲ ਲੈ ਆ।" ਇਹ ਸੁਣ ਬੀਬੀ ਜੀ ਝੱਟ ਬਾਹਰ ਜਾ ਕੇ (ਗੁਰੂ) ਅਮਰਦਾਸ ਜੀ ਨੂੰ ਨਾਲ ਲੈ ਆਏ, ਗੁਰੂ ਅੰਗਦ ਦੇਵ ਜੀ ਕੁੜਮ ਸਮਝ ਕੇ ਆਪ ਦੇ ਸਤਿਕਾਰ ਵਜੋਂ ਆਪ ਨੂੰ ਮਿਲਣ ਉਠ ਖਲੋਤੇ। ਪਰ ਆਪ ਪਹਿਲੇ ਹੀ ਗੁਰੂ-ਚਰਨਾਂ ਤੇ ਢਹਿ ਪਏ ਤੇ ਅਖਾਂ ਤੋਂ ਨੀਰ ਵਹਿ ਟੁਰਿਆ। ਨਿੰਮ੍ਰਤਾ ਨਾਲ ਬੇਨਤੀ ਕੀਤੀ, "ਮਹਾਰਾਜ! ਕੁੜਮ ਹੋ ਕੇ ਨਹੀਂ ਆਇਆ, ਭਿਖਾਰੀ ਬਣ ਕੇ ਆਇਆ ਹਾਂ।" ਮੈਨੂੰ ਆਪ ਦੇ ਚਰਨਾਂ ਦੀ ਓਟ ਬਖ਼ਸ਼ ਦੇਵੋ। ਮਹਾਰਾਜ ਨੇ ਬੜੇ ਪਰੇਮ ਨਾਲ ਆਪ ਦੇ ਸਿਰ ਤੇ ਹੱਥ ਰਖ ਕੇ ਆਪ ਨੂੰ ਉਠਾਇਆ, ਤੇ ਅੰਮ੍ਰਿਤ-ਭਿੰਨੇ ਮਿਠੇ ਬਚਨਾਂ ਨਾਲ ਨਿਵਾਜਿਆ। (ਗੁਰੂ) ਅਮਰਦਾਸ ਜੀ ਦੀਆਂ ਗੁਰ-ਮਿਲਾਪ ਵਾਲੀਆਂ ਸਿਕਾਂ ਪੂਰੀਆਂ ਹੋ ਗਈਆਂ, (ਗੁਰੂ) ਅਮਰਦਾਸ ਜੀ ਨੇ ਲੰਗਰ ਛੱਕਿਆ। ਮਨ ਵਿਚ ਧਾਰਿਆ ਕਿ ਗੁਰੂ ਜੀ ਸੀਤ ਪ੍ਰਸਾਦਿ ਦੇਣ। ਗੁਰੂ ਜੀ ਅੰਤਰਜ਼ਾਮੀ ਨੇ ਆਪ ਨੂੰ ਸੀਤ ਪ੍ਰਸਾਦਿ ਦੇ ਕੇ ਨਿਹਾਲ ਕੀਤਾ। ਆਪ ਦੀ ਇਥੇ ਆ ਕੇ ਐਸੀ ਨਿਸ਼ਾ ਹੋਈ ਕਿ ਆਪ ਏਸੇ ਦਰ ਦੇ ਹੀ ਹੋ ਗਏ।

ਆਪ ਦੀ ਆਯੂ ਇਸ ਵੇਲੇ ਲਗ ਪਗ ੬੧ ਸਾਲ ਦੀ ਸੀ। ਇਸ ਅਵਸਥਾ ਵਿਚ ਆਪ ਨੇ ਗੁਰੂ-ਘਰ ਦੀ ਅਥੱਕ ਅਤੇ ਅਟੁੱਟ ਸੇਵਾ ਕਰਨੀ ਅਰੰਭ ਦਿਤੀ। ਲੰਗਰ ਵਿਚ ਪਾਣੀ ਢੋਣਾ, ਪਖਾ ਝਲਣਾ, ਗੁਰੂ ਜੀ ਨੂੰ ਸਵਾ ਪਹਿਰ ਰਾਤ ਰਹਿੰਦੀ ਬਿਆਸਾ ਤੋਂ ਪਾਣੀ ਲਿਆ ਕੇ ਇਸ਼ਨਾਨ ਕਰਾਣਾ, ਗੁਰੂ ਜੀ ਦੇ ਬਸਤਰ ਧੋਣੇ ਆਦਿ ਨਿਤ ਦੀ ਕਾਰ ਬਣਾ ਲਈ, ਆਪਣੇ ਬਸਤਰਾਂ ਦੀ ਕੋਈ ਸੁਰਤ ਨਾ। ਨਾ ਖਾਣ ਦੀ, ਨਾ ਸੌਣ ਦੀ, ਨਾ ਆਪਣੇ ਆਰਾਮ ਦੀ ਕੋਈ ਪਰਵਾਹ ਹੈ। ਬਸ ਪ੍ਰਵਾਹ ਹੈ ਤਾਂ ਗੁਰੂ ਜੀ ਦੀ ਸੇਵਾ ਦੀ ਅਤੇ ਸਾਧ ਸੰਗਤ ਦੀ ਸੇਵਾ ਦੀ। ਸੁਤੇ ਸਿਧ ਕੁਝ ਖਾ ਲਿਆ ਤਾਂ ਖਾ ਲਿਆ, ਕੁਝ ਸੁਲਪ ਸੀ ਨਿੰਦਰਾ ਲੈ ਲਈ ਤਾਂ ਲੈ ਲਈ। ਜਾਂ ਸੇਵਾ ਕਰ ਰਹੇ ਹਨ, ਜਾਂ ਇਕਾਂਤ ਵਿਚ ਬੈਠ ਕੇ ਗੁਰੂ ਮੂਰਤ ਦਾ ਧਿਆਨ ਕਰ ਕੇ ਸਿਮਰਨ ਕਰ ਰਹੇ ਹਨ। ਇਸ ਤਰ੍ਹਾਂ ੧੨ ਸਾਲ ਬੀਤ ਗਏ। ਲੋਕਾਂ ਦੇ ਤਾਹਨੇ ਮਿਹਣੇ ਵੀ ਸਹੇ ਕਿ ਕੁੜਮ ਹੋ ਕੇ ਇਥੇ ਇਸ ਤਰ੍ਹਾਂ ਨੌਕਰਾਂ ਵਾਂਗ ਰਹਿ ਰਿਹਾ ਹੈ। ਲੋਕੀਂ ਆਪ ਨੂੰ ਮਖ਼ੌਲ ਵੀ ਕਰਨ, ਪਰ ਆਪ ਨੇ ਇਹਨਾਂ ਗੱਲਾਂ ਵਲ ਕੋਈ ਧਿਆਨ ਨਾ ਦਿਤਾ। ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਲਿਖਦੇ ਹਨ:—

> ਨਿਜ ਕੁਲ ਕੋ ਨਿਜ ਗ੍ਰਿਹਿ ਕੋ ਤਜਿ ਕਰਿ ਨਹੀਂ ਜਾਇ ਪੁਨਿ ਕੀਨਿ ਸੰਭਾਲ। ਨਰ ਉਪਹਾਸ ਕਰਹਿ ਸਭ ਲਾਗੇ, ਬ੍ਰਿਧ ਹੋਇ ਕਿਆ ਕੀਨੀ ਢਾਲਿ।

ਜਦ ਦੇ ਏਥੇ ਆਏ ਹਨ, ਮੁੜ ਹਾਲੇ ਤਕ ਘਰ ਵੀ ਨਹੀਂ ਗਏ, ਬਸ ਇਥੇ ਆ ਕੇ ਇਥੋਂ ਦੇ ਹੀ ਹੋ ਰਹੇ ਹਨ। ਆਹਾ! ਇਹੋ ਜਿਹੀ ਬ੍ਰਿਧ ਅਵਸਥਾ ਕਿ ਆਪ ਦੀ ਆਯੂ ੭੨ ਸਾਲ ਦੀ ਹੋ ਗਈ ਹੈ, ਸਰੀਰ ਕਮਜ਼ੋਰ ਹੋ ਚੁਕਾ ਹੈ, ਕੇਸ ਸਵੇਤ (ਚਿਟੇ) ਹੋ ਚੁਕੇ ਹਨ, ਪਰ ਸੇਵਾ ਦੇ ਮੈਦਾਨ ਵਿਚ ਸਭ ਤੋਂ ਅਗੇ ਹਨ:—

> ਮਧਰੋ ਡੀਲ ਸਰੀਰ ਅਲਪ ਇਨ ਬਹੁਰੋ ਬ੍ਰਿਧ ਬਲ ਨਹਿੰ ਜਿਨ ਮਾਹਿ। ਸਵੇਤ ਕੇਸ ਤਨ ਚਰਮ ਸਿਥਲ ਬਹੁ ਸੇਵਾ ਸਭਿ ਤੇ ਅਧਿਕ ਕਰਾਹਿ। (ਗੁ: ਪ੍ਰ: ਸੂਰਜ)

ਇਸ ਦੌਰਾਨ ਵਿਚ ਗੁਰੂ ਜੀ ਨੇ ਵੀ ਆਪ ਦੀ ਕੋਈ ਵਾਤ ਨ ਪੁਛੀ।

> ਸਤਗੁਰ ਬਹੁੜ ਨ ਪੂਛੀ ਬਾਤ। ਅਚਰਜ ਗਤ ਕਛੁ ਲਖੀ ਨ ਜਾਤ '੬੯। ਇਤ ਬਿਧ ਦੁਆਦਸ ਬਰਖ ਬਿਤਾਏ। ਤਨ ਵਹੀ ਬਸਤ੍ਰ ਜੋ ਪਹਰੇ ਆਏ। ਦੇਹ ਬਿਵਹਾਰ ਕੀ ਸੁਧ ਨਹੀ ਰਹੀ। ਗੁਰ ਮੂਰਤ ਹਿਰਦੇ ਦ੍ਰਿੜ ਭਈ।੭੦।
> (ਮਹਿਮਾ ਪ੍ਰਕਾਸ਼)

ਹਾਂ, ਸਾਲ ਦੇ ਸਾਲ ਆਪ ਨੂੰ ਡੇਢ ਗਜ਼ ਦਾ ਕਪੜਾ ਦੇ ਦਿੰਦੇ, ਜੋ ਆਪ ਬੜੇ ਸਤਿਕਾਰ ਨਾਲ ਸਿਰ ਤੇ ਬੰਨ੍ਹ ਲਿਆ ਕਰਦੇ।

ਏਸੇ ਤਰ੍ਹਾਂ ਸੇਵਾ ਕਰਦਿਆਂ ਇਕ ਵੇਰ ਅੱਧੀ ਰਾਤ



www.AKJ.Org

ਨੂੰ ਨੇਮ ਅਨੁਸਾਰ ਉਠੇ। ਸਰਦੀ ਦੀ ਰੁਤ ਸੀ। ਬੂੰਦਾ ਬਾਂਦੀ ਹੋ ਰਹੀ ਸੀ। ਹਵਾ ਤੇਜ਼ ਵਗ ਰਹੀ ਸੀ। ਪਰ ਆਪ ਗਾਗਰ ਚੁਕੀ ਬਿਆਸਾ, ਜੋ ਤਿੰਨ ਕੋਹ ਤੇ ਸੀ, ਜਾ ਪੁਜੇ। ਇਸ਼ਨਾਨ ਕਰ ਕੇ ਗਾਗਰ ਪਾਣੀ ਨਾਲ ਭਰੀ। ਵਾਪਸ ਆ ਰਹੇ ਹਨ। ਰਾਤ ਵੀ ਹਨੇਰੀ ਹੈ, ਕੁਝ ਸੁਝਦਾ ਨਹੀਂ, ਕਈ ਥਾਈਂ ਚਿਕੜ ਹੋਇਆ ਹੋਇਆ ਹੈ. ਰਸਤੇ ਵਿਚ ਜੁਲਾਹੇ ਦੀ ਇਕ ਕਿਲੀ ਨਾਲ ਠੇਡਾ ਲਗ ਗਿਆ ਤੇ ਟੋਏ ਵਿਚ ਡਿਗ ਪਏ। ਪਰ ਆਪ ਨੇ ਪਾਣੀ ਦੀ ਗਾਗਰ ਨੂੰ ਸੰਭਾਲੀ ਰਖਿਆ। ਆਪ ਦੇ ਡਿਗਣ ਦਾ ਖੜਾਕ ਸੁਣ ਕੇ ਜੁਲਾਹੇ ਨੇ ਜੁਲਾਹੀ ਤੋਂ ਪੁਛਿਆ, "ਇਹ ਖੜਾਕ ਕਾਹਦਾ ਹੋਇਆ ਹੈ?" ਜੁਲਾਹੀ ਨੇ ਕਿਹਾ, "ਇਹ ਅਮਰੂ ਨਿਥਾਵਾਂ ਹੋਣਾ ਏਂ, ਜੋ ਇਸ ਵੇਲੇ ਰੋਜ਼ ਬਿਆਸਾ ਤੋਂ ਪਾਣੀ ਲੈ ਕੇ ਆਉਂਦਾ ਹੈ। ਇਸ ਨੂੰ ਨਾ ਦਿਨੇ ਅਰਾਮ ਹੈ, ਨਾ ਰਾਤ ਨੂੰ ਚੈਨ।" ਸਹਿਜ ਸੁਭਾ (ਗੁਰੂ) ਅਮਰਦਾਸ ਜੀ ਨੇ ਕਿਹਾ, "ਕਮਲੀਏ! ਮੈਂ ਨਿਥਾਵਾਂ ਕਿਉਂ ਹਾਂ, ਮੇਰਾ ਗੁਰੂ ਤਾਂ ਦੀਨ ਦੁਨੀਆ ਦਾ ਮਾਲਕ ਹੈ।" (ਗੁਰੂ) ਅਮਰਦਾਸ ਜੀ ਨੇ ਤਾਂ ਨੇਮ ਅਨੁਸਾਰ ਗੁਰੂ ਅੰਗਦ ਦੇਵ ਜੀ ਨੂੰ ਜਾ ਇਸ਼ਨਾਨ ਕਰਵਾਇਆ। ਪਰ ਏਧਰ ਜੁਲਾਹੀ ਸੱਚ ਮੁੱਚ ਕਮਲੀ ਹੋ ਗਈ ਤੇ ਜੁਲਾਹੀ ਜੁਲਾਹੇ ਨੇ ਬਾਕੀ ਰਾਤ ਜਾਗਦਿਆਂ ਕਟੀ। ਦਿਨ ਚੜ੍ਹੇ ਗੁਰੂ ਅੰਗਦ ਦੇਵ ਜੀ ਨੇ (ਗੁਰੂ) ਅਮਰਦਾਸ ਜੀ ਨੂੰ ਬੁਲਾ ਕੇ ਪੁਛਿਆ, "ਪੁਰਖਾ! ਰਾਤ ਦੀ ਵਾਰਤਾ ਕਿਵੇਂ ਹੋਈ ਹੈ?" ਤਾਂ ਆਪ ਨੇ ਉੱਤਰ ਦਿਤਾ, "ਮਹਾਰਾਜ ਜੀ! ਆਪ ਅੰਤਰਜਾਮੀ ਹੋ, ਆਪ ਸਭ ਕੁਝ ਜਾਣਦੇ ਹੋ, ਤੁਹਾਥੋਂ ਕੋਈ ਚੀਜ਼ ਲੁਕੀ ਹੋਈ ਨਹੀਂ। ਇਸ ਵਾਸਤੇ ਮੈਂ ਡਰਦਾ ਹਾਂ ਕਿ ਜੇ ਮੈਂ ਆਪ ਨੂੰ ਸੁਣਾਵਾਂ ਤਾਂ ਸ਼ਾਇਦ ਕੁਝ ਭੁਲ ਨਾ ਜਾਵਾਂ।"

> ਹਾਥ ਜੋੜ ਮੁਖ ਬਿਨੈ ਬਖਾਨੇ। ਤੁਮ ਅੰਤਰਜਾਮੀ
> ਸਭੁ ਕਛੁ ਜਾਨੇ। ਸਤਿਗੁਰ ਸਿਉ ਕਿਛੁ ਨਹੀ
> ਦੁਰਾਉ। ਡਰਪੋਂ ਮਤ ਬਚਨ ਭੂਲ ਹੋਇ ਜਾਉ।

ਇਹ ਉੱਤਰ ਸੁਣ ਕੇ ਮਹਾਰਾਜ ਜੀ ਬੜੇ ਪ੍ਰਸੰਨ ਹੋਏ ਤੇ ਸੰਗਤ ਦੇ ਸਾਹਮਣੇ ਜੁਲਾਹੇ ਜੁਲਾਹੀ ਨੂੰ ਬੁਲਾ ਲਿਆ। ਜੁਲਾਹੀ ਮਹਾਰਾਜ ਜੀ ਦੇ ਦਰਸ਼ਨ ਕਰ ਕੇ ਠੀਕ ਹੋ ਗਈ। ਫਿਰ ਗੁਰੂ ਜੀ ਨੇ ਹੁਕਮ ਦਿਤਾ ਕਿ ਰਾਤ ਜੋ ਵਾਰਤਾ ਹੋਈ ਹੈ, ਉਹ ਸਭ ਕੁਝ ਸੁਣਾ ਦੇਵੋ। ਤਾਂ ਜੁਲਾਹੇ ਨੇ ਸਭ ਕੁਝ ਦਸ ਦਿਤਾ ਤੇ ਕਿਹਾ:—

> ਪੂਛੀ ਜੁਲਾਹੇ ਮੋਹਿ। ਬਾਹਰ ਖੜਕ ਕਿਆ
> ਹੋਇ। ਤਿਨ ਕਹਿਓ ਸਹਜ ਸੁਭਾਇ। ਅਮਰੋ
> ਨਿਥਾਵਾਂ ਆਹਿ।੯੫। ਪੁਨ ਅਮਰ ਜੀ ਕਹਾ
> ਤਾਂਹਿ। ਕਮਲੀ ਜੁਲਾਹੀ ਆਹਿ। ਤਤਕਾਲ
> ਬਵਰੀ ਭਈ। ਦਰਸਨ ਕੀਓ ਸੁਧ ਪਈ।੯੬।
> (ਮਹਿਮਾ ਪ੍ਰਕਾਸ਼)

ਗੁਰੂ ਜੀ ਇਹ ਸਭ ਕੁਝ ਸੁਣ ਬਹੁਤ ਖੁਸ਼ ਹੋਏ ਤੇ (ਗੁਰੂ) ਅਮਰਦਾਸ ਜੀ ਨੂੰ ਛਾਤੀ ਨਾਲ ਲਾਇਆ ਤੇ ਵਰ ਬਖਸ਼ੇ:—

> ਤੁਮ ਹੋ ਨਿਥਾਵੇਂ ਥਾਉਂ। ਦੇਹੋ ਨਿਮਾਨੇ ਮਾਨ।
> ਨਿਹ-ਓਟ ਓਟ ਤੁਮਾਰ। ਨਿਧਰਿਆ ਧਿਰ ਸੁਖ
> ਸਾਰ। ਤੁਮ ਦਿਆਲ, ਗਈ ਬਹੋੜ। ਸਭ ਜਗਤ
> ਬੰਦੀ ਛੋੜ। ਭੰਨਨ ਘੜਨ ਸਮਰਥ। ਜਗ
> ਰਿਜ਼ਕ ਤੁਮਰੇ ਹੱਥ। (ਮਹਿਮਾ ਪ੍ਰਕਾਸ਼)

ਇਹ ਵਰ ਬਖਸ਼ ਕੇ ਮਹਾਰਾਜ ਜੀ ਨੇ (ਗੁਰੂ) ਅਮਰ ਦਾਸ ਜੀ ਨੂੰ ਇਸ਼ਨਾਨ ਕਰਾ ਕੇ ਨਵੇਂ ਬਸਤਰ ਪੁਆਏ। ਤੇ ਰਿਧੀਆਂ ਸਿਧੀਆਂ ਦੇ ਮਾਲਕ ਬਣਾ ਆਪਣਾ ਹੀ ਰੂਪ ਬਣਾ ਦਿਤਾ। ਤੇ ਗੁਰੂ ਅਮਰਦਾਸ ਜੀ ਇਸ ਤਰ੍ਹਾਂ ਨਿਰਮਾਣ ਤੇ ਅਥੱਕ ਸੇਵਾ ਕਰ ਕੇ ਜਗਤ-ਗੁਰੂ ਬਣ ਗਏ। ੩ ਵਿਸਾਖ ਸੰਮਤ ੧੬੦੯ ਨੂੰ ਆਪ ਨੂੰ ਗੁਰਿਆਈ ਮਿਲੀ।

> ਗੁਰਿਆਈ ਸਭ ਜਗਤ ਕੀ ਮਿਲੀ ਰਿਧ ਸਭ
> ਸਿਧ। ਜੋਤਿ ਜੋਤਿ ਮਿਲੀ ਓਤ ਪੋਤ ਪੂਰਣ
> ਹੋਇ ਬਿਧ। (ਮਹਿਮਾ ਪ੍ਰਕਾਸ਼)

---

## ਭਾਈ ਪ੍ਰੀਤਮ ਸਿੰਘ ਜੀ ਚੰਡੀਗੜ੍ਹ ਨੂੰ ਵਿਛੋੜਾ

ਭਾਈ ਪ੍ਰੀਤਮ ਸਿੰਘ ਜੀ ਏ. ਜੀ. ਆਫ਼ਸ ਚੰਡੀਗੜ੍ਹ ਵਾਲਿਆਂ ਦੇ ਭਰਾਤਾ ਭਾਈ ਦਸਵੰਧਾ ਸਿੰਘ ਜੀ (ਰੀਟਾਇਰਡ ਟੀਚਰ) ਪੰਜ ਅਪ੍ਰੈਲ ੧੯੭੫ ਨੂੰ ਸਦੀਵੀ ਵਿਛੋੜਾ ਦੇ ਕੇ ਪ੍ਰਭੂ ਨੂੰ ਪਿਆਰੇ ਹੋ ਗਏ ਹਨ। ਅਰਦਾਸ ਹੈ ਕਿ ਸਤਿਗੁਰੂ ਪਾਤਸ਼ਾਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਪਰਵਾਰ ਨੂੰ ਭਾਣਾ ਮੰਨ ਕੇ ਗੁਰਮਤਿ ਜੀਵਨ ਜੀਉਣ ਦੀ ਦਾਤ ਪ੍ਰਦਾਨ ਕਰਨ।



www.AKJ.Org

# ਬੀਬੀ ਨੂਰਸ਼ਾਹ

[ਵਲੋਂ—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ-੩੧]

ਬੰਗਾਲ ਦੇ ਪੂਰਬੀ ਹਿਸੇ (ਕਾਮ ਰੂਪ ਦੇਸ਼) ਵਿਚ ਢਾਕਾ ਇਕ ਪ੍ਰਸਿੱਧ ਸ਼ਹਿਰ ਹੈ। ਢਾਕੇ ਤੋਂ ਕੋਈ ਤਿੰਨ ਮੀਲ ਦੇ ਫ਼ਾਸਲੇ ਤੇ ਧਨਪੁਰ ਨਾਂ ਦਾ ਇਕ ਪਿੰਡ ਹੈ। ਬੀਬੀ ਨੂਰਸ਼ਾਹ, ਉਥੋਂ ਦੀ ਮਸ਼ਹੂਰ ਜਾਦੂਗਰਨੀ ਸੀ, ਜੋ ਬਾਅਦ ਵਿਚ ਗੁਰੂ ਨਾਨਕ ਦੇਵ ਜੀ ਪਾਸੋਂ ਸਿੱਖੀ ਗ੍ਰਹਿਣ ਕਰ ਕੇ ਮਹਾਨ ਸੰਤਾਂ ਵਾਲੀ ਪਦਵੀ ਤੇ ਪਹੁੰਚੀ ਅਤੇ ਫਿਰ ਸਿਖੀ ਪਰਚਾਰ ਦਾ ਅਜਿਹਾ ਹੜ ਲਿਆ ਦਿਤਾ ਕਿ ਸੈਂਕੜੇ ਇਨਸਾਨਾਂ ਦਾ ਭਲਾ ਹੋਇਆ। ਉਹ ਇਨਸਾਨ ਜੋ ਸੱਚਾ ਮਾਰਗ ਨਾ ਮਿਲਣ ਕਰਕੇ ਭਟਕ ਰਹੇ ਸਨ ਅਤੇ ਜੋ ਭੁਲ ਬੈਠੇ ਸਨ ਕਿ ਰੱਬ ਵੀ ਕੋਈ ਚੀਜ਼ ਹੈ, ਉਹ ਬੀਬੀ ਨੂਰਸ਼ਾਹ ਪਾਸੋਂ ਸਿਖਿਆ ਪਰਾਪਤ ਕਰ ਕੇ ਗੁਰੂ ਨਾਨਕ ਦੇਵ ਜੀ ਦੇ ਧਰਮ ਦੇ ਉਪਾਸ਼ਕ ਬਣੇ।

ਬੀਬੀ ਨੂਰਸ਼ਾਹ ਦੀ ਜੀਵਨ-ਵਿਥਿਆ ਇਸ ਤਰ੍ਹਾਂ ਹੈ:—

ਧਨਪੁਰ ਵਿਚ ਇਕ ਫ਼ਕੀਰ ਆਇਆ, ਜਿਸ ਦਾ ਨਾਂ ਨੂਰਸ਼ਾਹ ਸੀ। ਇਹ ਫ਼ਕੀਰ ਜਾਦੂਗਰੀ ਵਿਚ ਬੜਾ ਮਾਹਰ ਅਤੇ ਕਈ ਜਾਦੂ ਟੂਣੇ ਜਾਣਦਾ ਸੀ। ਇਸ ਵਿਚ ਇਹ ਕਮਾਲ ਹਾਸਲ ਸੀ ਕਿ ਆਪਣੀ ਤਾਕਤ ਨਾਲ ਦੂਜੇ ਦਾ ਦਿਲ ਫੇਰ ਦਿੰਦਾ ਸੀ। ਫਿਰ ਜਿਸ ਦਾ ਦਿਲ ਫੇਰਿਆ ਜਾਂਦਾ ਸੀ, ਉਹ ਇਸ ਦੇ ਇਸ਼ਾਰਿਆਂ ਤੇ ਨਚਦਾ ਸੀ। ਲੋਕੀਂ ਇਸ ਪਾਸੋਂ ਬੜਾ ਖ਼ੌਫ਼ ਖਾਣ ਲਗ ਪਏ ਅਤੇ ਇਸ ਅਗੇ ਮੱਥੇ ਟੇਕਣੇ ਸ਼ੁਰੂ ਕਰ ਦਿਤੇ। ਇਸ ਨੇ ਮਰਨ ਤੋਂ ਪਹਿਲਾਂ ਕੁਲ ਵਿਦਿਆ ਆਪਣੇ ਚੇਲੇ ਨਰਿੰਦਰ ਨਾਥ ਨੂੰ ਸਿਖਾ ਕੇ ਉਸ ਦਾ ਨਾਂ ਨੂਰਸ਼ਾਹ ਰਖ ਦਿਤਾ ਅਤੇ ਫਿਰ ਲੋਕੀਂ ਇਸ ਨੂੰ ਮੰਨਣ ਲਗ ਪਏ। ਨਰਿੰਦਰ ਨਾਥ ਨੇ ਫਿਰ ਵਿਦਿਆ ਵਿਚ ਆਪਣੀ ਇਕੋ ਇਕ ਲੜਕੀ, ਪਾਰਬਤੀ ਨੂੰ ਨਿਪੁੰਨ ਕਰ ਦਿਤਾ ਅਤੇ ਫਿਰ ਜਦੋਂ ਆਪ ਗੁਜ਼ਰ ਗਿਆ ਤਾਂ ਲੋਕੀਂ ਪਾਰਬਤੀ ਨੂੰ ਨੂਰਸ਼ਾਹ ਕਹਿਣ ਲਗ ਪਏ ਅਤੇ ਹੱਥ ਜੋੜਨ ਲਗੇ। ਇਸ ਤਰ੍ਹਾਂ ਪਾਰਬਤੀ ਹੀ ਨੂਰਸ਼ਾਹ ਦੇ ਨਾਂ ਨਾਲ ਜਗਤ-ਪ੍ਰਸਿਧ ਹੋਈ।*

ਬੀਬੀ ਨੂਰਸ਼ਾਹ, ਜਵਾਨ ਤੇ ਖ਼ੂਬਸੂਰਤ ਸੀ, ਪਰ ਉਸ ਨੇ ਵਿਆਹ ਨਹੀਂ ਸੀ ਕਰਾਇਆ, ਸਗੋਂ ਅਹੰਕਾਰ ਵਿਚ ਮਤੀ ਹੋਈ ਨੇ ਕਈ ਉਪੱਦਰ ਕਰਨੇ ਸ਼ੁਰੂ ਕਰ ਦਿਤੇ।

ਇਸ ਤਰ੍ਹਾਂ ਰਬ ਦੀ ਬਣਾਈ ਹੋਈ ਖ਼ਲਕਤ ਬੀਬੀ ਨੂਰਸ਼ਾਹ ਦੇ ਹੱਥੋਂ ਬਹੁਤ ਤੰਗ ਹੋਈ। ਬੀਬੀ ਨੂਰਸ਼ਾਹ ਨੇ ਕੁਝ ਚੇਲੀਆਂ ਵੀ ਰਖੀਆਂ ਹੋਈਆਂ ਸਨ, ਜੋ ਉਸ ਦੇ ਇਸ਼ਾਰੇ ਤੇ ਕੰਮ ਕਰਦੀਆਂ ਸਨ। ਬਾਹਰੋਂ ਜੋ ਵੀ ਮੁਸਾਫਰ ਉਸ ਪਿੰਡ ਆ ਜਾਂਦਾ ਸੀ, ਉਸ ਨੂੰ ਜਾਦੂ ਦੇ ਜ਼ੋਰ ਨਾਲ ਕੀਲ ਲਿਆ ਜਾਂਦਾ ਸੀ। ਫਿਰ ਉਸ ਮੁਸਾਫਰ ਦਾ ਖ਼ੂਬ ਮੌਜੂ ਬਣਾਇਆ ਜਾਂਦਾ ਸੀ। ਇਸ ਤਰ੍ਹਾਂ ਬੀਬੀ ਨੂਰਸ਼ਾਹ ਨੇ ਕਈ ਮੁਸਾਫ਼ਰ ਕੈਦ ਕੀਤੇ ਹੋਏ ਸਨ, ਜੋ ਜਾਦੂ ਦੇ ਅਸਰ ਕਰਕੇ ਆਪਣੀ ਹੋਸ਼ ਖੋ ਬੈਠੇ ਸਨ, ਉਹ ਸਿਰਫ਼ ਬੀਬੀ ਨੂਰਸ਼ਾਹ ਦੇ ਇਸ਼ਾਰੇ ਤੇ ਨੱਚਦੇ ਟਪਦੇ ਸਨ।

ਕਲਜੁਗ ਦੇ ਰਾਖੇ ਗੁਰੂ ਨਾਨਕ ਪਾਤਸ਼ਾਹ, ਜੋ ਦੁਨੀਆ ਦਾ ਭਲਾ ਕਰਨ ਆਏ ਸਨ, ਉਹ ਬੀਬੀ ਨੂਰਸ਼ਾਹ ਦੇ ਏਡੇ ਵੱਡੇ ਉਪੱਦਰ ਨੂੰ ਕਿਵੇਂ ਬਰਦਾਸ਼ਤ ਕਰ ਸਕਦੇ ਸਨ ? ਬੀਬੀ ਨੂਰਸ਼ਾਹ ਦਾ ਨਿਸਤਾਰਾ ਕਰਨਾ ਉਹਨਾਂ ਲਈ ਬੜਾ ਜ਼ਰੂਰੀ ਸੀ। ਉਹ ਅਪ੍ਰੈਲ ਸੰਨ ੧੫੦੯ ਈਸਵੀ ਨੂੰ ਪਹਿਲੀ ਉਦਾਸੀ ਸਮੇਂ, ਪਹਿਲਾਂ ਢਾਕੇ ਪਹੁੰਚੇ ਅਤੇ ਫਿਰ 'ਧਨਪੁਰ' ਵਲ ਰੁਖ਼ ਕੀਤਾ। ਭਾਈ ਮਰਦਾਨਾ ਜੀ ਉਨ੍ਹਾਂ ਦੇ ਨਾਲ ਸਨ। ਪਿੰਡੋਂ ਬਾਹਰ ਹੀ ਉਜਾੜ ਵਿਚ ਡੇਰਾ ਲਗਾ ਲਿਆ। ਭਾਈ ਮਰਦਾਨਾ ਜੀ ਨੇ ਗੁਰੂ ਸਾਹਿਬ ਅਗੇ ਬਿਨੈ ਕੀਤੀ— "ਸੱਚੇ ਪਾਤਸ਼ਾਹ ਜੀਉ ! ਜੇ ਆਗਿਆ ਦਿਉ ਤਾਂ ਪਿੰਡੋਂ ਕੁਝ ਖਾਣ ਪੀਣ ਦਾ ਆਹਰ ਕਰ ਆਵਾਂ।"

---

*ਭਾਈ ਵੀਰ ਸਿੰਘ ਜੀ, ਸ੍ਰੀ ਗੁਰੂ ਨਾਨਕ ਚਮਤਕਾਰ ੧, ਪੰਨਾ ੨੩੨-੨੩੩; ਗਿਆਨੀ ਊਧਮ ਸਿੰਘ, ਗੁਰੂ ਨਾਨਕ ਜੀਵਨ—ਇਕ ਨਵੀਂ ਖੋਜ, ਪੰਨਾ ੨੯੬



www.AKJ.Org

ਗੁਰੂ ਸਾਹਿਬ ਨੇ ਬੜੀ ਖੁਸ਼ੀ ਨਾਲ ਭਾਈ ਮਰਦਾਨਾ ਜੀ ਨੂੰ ਪਿੰਡ ਜਾਣ ਦੀ ਆਗਿਆ ਦੇ ਦਿਤੀ। ਭਾਈ ਮਰਦਾਨਾ ਜੀ ਜਿਉਂ ਹੀ ਪਿੰਡ ਪਹੁੰਚੇ, ਉਥੇ ਬੀਬੀ ਨੂਰਸ਼ਾਹ ਦੀਆਂ ਚੇਲੀਆਂ ਦੇ ਕਾਬੂ ਆ ਗਏ । ਭਾਈ ਮਰਦਾਨਾ ਜੀ ਨੂੰ ਜਾਦੂ ਨਾਲ ਕੀਲ ਕੇ ਜਦੋਂ ਬੀਬੀ ਨੂਰਸ਼ਾਹ ਪਾਸ ਪਹੁੰਚਾਇਆ ਗਿਆ ਤਾਂ ਬੀਬੀ ਨੂਰਸ਼ਾਹ, ਭਾਈ ਮਰਦਾਨੇ ਨੂੰ ਕਹਿਣ ਲਗੀ—'ਕਹੁ ! ਮੈਂ ਮੇਂਢਾ ਹਾਂ।' ਭਾਈ ਮਰਦਾਨਾ ਜੀ ਨੇ ਉੱਤਰ ਦਿੱਤਾ—'ਮੈਂ ਮੇਂਢਾ ਹਾਂ ।' ਬੀਬੀ ਨੂਰਸ਼ਾਹ ਨੇ ਫਿਰ ਕਿਹਾ—'ਮੇਂਢੇ ਦੀ ਬੋਲੀ ਬੋਲ।' ਭਾਈ ਮਰਦਾਨਾ ਜੀ ਅਗੋਂ ਮੇਂਢੇ ਦੀ ਤਰ੍ਹਾਂ ਭੈਂ ਭੈਂ ਕਰਨ ਲਗ ਪਏ । ਬੀਬੀ ਨੂਰਸ਼ਾਹ ਨੇ ਜਦੋਂ ਦੇਖਿਆ ਕਿ ਇਹ ਮਨੁਖ ਹੁਣ ਮੇਰੀ ਸ਼ਕਤੀ ਤੋਂ ਬਾਹਰ ਨਹੀਂ ਜਾ ਸਕਦਾ ਤਾਂ ਖਿੜਖਿੜਾ ਕੇ ਹਸਦੇ ਹੋਏ ਭਾਈ ਮਰਦਾਨਾ ਜੀ ਨੂੰ ਕਿਹਾ—'ਬਸ ! ਤੂੰ ਹੁਣ ਇਥੇ ਰਹੇਂਗਾ।' ਭਾਈ ਮਰਦਾਨਾ ਜੀ ਚੁਪਚਾਪ ਬੈਠ ਗਏ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਭਾਈ ਮਰਦਾਨਾ ਜੀ, ਗੁਰੂ ਸਾਹਿਬ ਦੇ ਬਚਪਨ ਦੇ ਸਾਥੀ ਸਨ ਅਤੇ ਸਚੇ ਸਿੱਖ ਸਨ। ਫਿਰ ਉਨ੍ਹਾਂ ਦੇ ਸਫ਼ਰਾਂ ਵਿਚ ਸਦਾ ਨਾਲ ਰਹਿੰਦੇ ਸਨ। ਗੁਰੂ ਸਾਹਿਬ ਨੇ ਭਾਈ ਮਰਦਾਨਾ ਜੀ ਨੂੰ ਕੀਰਤਨ ਦੀ ਦਾਤ ਖ਼ਾਸ ਤੌਰ ਤੇ ਬਖ਼ਸੀ ਹੋਈ ਸੀ। ਭਾਈ ਗੁਰਦਾਸ ਜੀ ਨੇ ਭਾਈ ਮਰਦਾਨਾ ਜੀ ਬਾਰੇ ਕਿਹਾ ਹੈ :— 'ਇਕ ਬਾਬਾ ਅਕਾਲ ਰੂਪ।
ਦੂਜਾ ਰਬਾਬੀ ਮਰਦਾਨਾ।'

ਫਿਰ ਅਜਿਹੇ ਭਾਈ ਮਰਦਾਨਾ ਜੀ, ਬੀਬੀ ਨੂਰਸ਼ਾਹ ਦੇ ਜਾਲ ਵਿਚ ਕਿਵੇਂ ਫਸ ਗਏ ? ਇਕ ਸਚੇ ਸਿੱਖ ਉਤੇ ਜਾਦੂ ਦਾ ਅਸਰ ਕਿਵੇਂ ਹੋ ਗਿਆ ?

ਇਸ ਦਾ ਜਵਾਬ ਇਹ ਦਿਤਾ ਜਾ ਸਕਦਾ ਹੈ ਕਿ ਭਾਈ ਮਰਦਾਨਾ ਜੀ ਵਿਚ ਕੋਈ ਕਮੀ ਨਹੀਂ ਸੀ। ਉਹ ਪੂਰਨ ਗੁਰਸਿਖ ਸਨ । ਗੁਰੂ ਸਾਹਿਬ ਜੀ ਨੇ ਖ਼ੁਦ ਹੀ ਭਾਈ ਮਰਦਾਨਾ ਜੀ ਨੂੰ ਉਥੇ ਭੇਜਿਆ ਸੀ। ਨੂਰਸ਼ਾਹ ਦੇ ਨਿਸਤਾਰੇ ਦਾ ਕੌਤਕ ਵਰਤਾਣਾ ਅਤੇ 'ਨੂਰਸ਼ਾਹ ਦੇ ਕੁਫ਼ਰਗੜ੍ਹ' ਨੂੰ ਤੋੜਨਾ ਜ਼ਰੂਰੀ ਸੀ। ਭਾਈ ਮਰਦਾਨਾ ਜੀ ਤਾਂ ਐਵੇਂ ਇਕ ਵਸੀਲਾ ਬਣਾਏ ਗਏ ਸਨ। ਗੁਰੂ ਨਾਨਕ ਪਾਤਸ਼ਾਹ ਸਰਬ-ਕਲਾ ਸਮਰਥ ਸਨ। ਉਹ ਚਾਹੁੰਦੇ ਤਾਂ ਦੂਰ ਬੈਠੇ ਹੀ ਨੂਰਸਾਹ ਦੀ ਜਾਦੂਗਰੀ ਦੀ ਸਤਿਆ ਭਸਮਾ-ਭੂਤ ਕਰ ਦਿੰਦੇ, ਪਰ ਨਿਰੰਕਾਰੀ ਬਾਬੇ ਜੀ ਦੇ ਜੀਵਾਂ ਦੇ ਉਧਾਰ ਦੀਆਂ ਵਿਉਂਤਰਾਂ ਵੀ ਅਸਚਰਜ ਅਤੇ ਨਿਰਾਲੀਆਂ ਸਨ । ਨੂਰਸ਼ਾਹ ਦੇ ਨਿਸਤਾਰੇ ਦੀ ਵਿਉਂਤਰ ਭਾਣੇ ਅੰਦਰ ਏਵੇਂ ਹੀ ਬਣੀ।

ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੂੰ ਭਾਈ ਮਰਦਾਨੇ ਨਾਲ ਹਦੋਂ ਵਧ ਪਿਆਰ ਸੀ, ਆਪਣੇ ਆਸਣ ਤੋਂ ਉਠੇ ਅਤੇ ਪਿੰਡ ਵਲ ਚਲ ਪਏ। ਬੀਬੀ ਨੂਰਸ਼ਾਹ ਦੇ ਮਹਿਲ ਅਗੇ ਪਹੁੰਚ ਕੇ ਰੁਕ ਗਏ। ਰਸਤੇ ਵਿਚ ਬੀਬੀ ਨੂਰਸ਼ਾਹ ਦੀਆਂ ਚੇਲੀਆਂ ਨੇ ਆਪ ਉਤੇ ਜਾਦੂ ਚਲਾਉਣ ਦੀ ਕਾਫ਼ੀ ਕੋਸ਼ਸ਼ ਕੀਤੀ ਸੀ, ਪਰ ਕਿਸੇ ਦੀ ਕੋਈ ਪੇਸ਼ ਨਹੀਂ ਸੀ ਗਈ । ਉਲਟਾ ਉਹ ਇਤਨੀਆਂ ਭੈਭੀਤ ਹੋਈਆਂ ਸਨ ਕਿ ਉਨ੍ਹਾਂ ਦੇ ਦਿਲ ਕੰਬਣ ਲਗ ਪਏ, ਉਨ੍ਹਾਂ ਦੀਆਂ ਲਤਾਂ ਕੰਬਣ ਲਗ ਪਈਆਂ ਸਨ । ਜਦ ਬੀਬੀ ਨੂਰਸ਼ਾਹ ਸਾਹਮਣੇ ਹੋਈ ਤਾਂ ਗੁਰੂ ਸਾਹਿਬ ਨੇ ਸਹਿਜੇ ਹੀ ਕਿਹਾ—"ਸਾਡਾ ਸਾਥੀ ਸਾਨੂੰ ਮੋੜ ਦੇ।" ਬੀਬੀ ਨੂਰਸ਼ਾਹ ਨੇ ਇਹ ਲਫ਼ਜ਼ ਸੁਣ ਤਾਂ ਲਏ, ਪਰ ਗੁਰੂ ਸਾਹਿਬ ਦੇ ਚਿਹਰੇ ਦਾ ਜਲਾਲ ਦੇਖ ਕੇ ਉਸ ਤੇ ਇਤਨਾ ਪ੍ਰਭਾਵ ਪਿਆ ਕਿ ਕੁਝ ਜਵਾਬ ਨਾ ਦੇ ਸਕੀ। ਫਿਰ ਵੀ ਉਸ ਨੇ ਆਪਣੀ ਜਾਦੂ ਦੀ ਪਟਾਰੀ ਕਢੀ। ਕਈ ਮੰਤਰ ਫੂਕੇ। ਮਤਲਬ ਕਿ ਆਪਣੀ ਵਲੋਂ ਪੂਰੀ ਵਾਹ ਲਾਈ ਕਿ ਇਸ ਤੇਜ ਪ੍ਰਭਾਵ ਵਾਲੇ ਮਨੁਖ ਨੂੰ ਵਸ ਕੀਤਾ ਜਾਏ। ਪਰ ਸਭ ਬੇਕਾਰ। ਹੁਣ ਪਤਾ ਲਗਾ ਕਿ ਮੈਂ ਤਾਂ ਖੋਖਲੀ ਹੋ ਗਈ ਹਾਂ। ਮੇਰੀ ਸਾਰੀ ਸ਼ਕਤੀ ਤਾਂ ਇਸ ਤੇਜ ਪਰਤਾਪ ਅਗੇ ਖ਼ਤਮ ਹੋ ਗਈ ਹੈ, ਸਾਹਿਬ ਵਲੋਂ ਇਹ ਸ਼ਬਦ ਗਾਇਨ ਕੀਤਾ ਜਾ ਰਿਹਾ ਸੀ:—

ਗਲੀ ਅਸੀ ਚੰਗੀਆ, ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆ, ਬਾਹਰਿ ਚਿਟਵੀਆਹ ॥
ਰੀਸਾ ਕਰਹਿ ਤਿਨਾੜੀਆ, ਜੋ ਸੇਵਹਿ ਦਰੁ
ਖੜੀਆਹ ॥ ਨਾਲਿ ਖਸਮੈ ਰਤੀਆ, ਮਾਣਹਿ
ਸੁਖਿ ਰਲੀਆਹ ॥ ਹੋਦੈ ਤਾਣਿ ਨਿਤਾਣੀਆ,
ਰਹਹਿ ਨਿਮਾਨਣੀਆਹ ॥ ਨਾਨਕ ਜਨਮੁ
ਸਕਾਰਥਾ, ਜੇ ਤਿਨ ਕੈ ਸੰਗਿ ਮਿਲਾਹ ॥੨॥

[ਮਹਲਾ ੧, ਵਾਰ ਸਿਰੀ ਰਾਗ


www.AKJ.Org

ਸ਼ਬਦ-ਸਰੋਦ ਦੇ ਇਲਾਹੀ ਨਾਦ ਦੀ ਸਤਾ ਨਾਲ ਬੀਬੀ ਨੂਰਸ਼ਾਹ ਦਾ ਦਿਲ ਵਿੰਨ੍ਹਿਆ ਗਿਆ। ਉਹ ਭਜ ਕੇ ਅੰਦਰ ਗਈ ਅਤੇ ਪਹਿਲਾਂ ਭਾਈ ਮਰਦਾਨਾ ਜੀ ਨੂੰ ਆਜ਼ਾਦ ਕੀਤਾ ਤੇ ਫਿਰ ਗੁਰੂ-ਚਰਨਾਂ ਤੇ ਡਿੱਗ ਪਈ। ਉਸ ਦੇ ਕੀਤੇ ਸਭ ਕੁਕਰਮ ਸਾਹਮਣੇ ਆਣ ਖਲੋਤੇ। ਪਸ਼ਚਾਤਾਪ ਕਰਦੀ ਹੋਈ ਵਿਲਕਣੀਆਂ ਤੇ ਲੇਲ੍ਹੜੀਆਂ ਕਢਣ ਲਗੀ, "ਮਹਾਰਾਜ, ਬਖ਼ਸ਼ ਲਓ, ਮੈਂ ਭੁਲੀ।" ਗੁਰੂ ਸਾਹਿਬ ਹੁਣ ਮਿਹਰ ਦੇ ਘਰ ਆਏ ਅਤੇ ਫੁਰਮਾਇਆ—'ਨੂਰਸ਼ਾਹ ! ਇਹ ਮਨੁਖਾ ਜਨਮ ਅਜਾਈਂ ਗਵਾਉਣ ਵਾਸਤੇ ਨਹੀਂ ਮਿਲਿਆ। ਫਿਰ ਤੂੰ ਰੱਬ ਦੇ ਜੀਵਾਂ ਨੂੰ ਦੁਖਾ ਕੇ ਆਪਣੇ ਉਪਰ ਪਾਪਾਂ ਦੀ ਪੰਡ ਬੰਨ੍ਹੀ ਹੈ। ਇਹ ਜਾਦੂ ਟੂਣੇ ਤੇਰਾ ਕੁਝ ਨਹੀਂ ਸਵਾਰ ਸਕਣਗੇ, ਸਗੋਂ ਤੇਰਾ ਲੋਕ ਪ੍ਰਲੋਕ ਦੋਵੇਂ ਵਿਗਾੜ ਦੇਣਗੇ। ਤੇਰੇ ਲਈ ਇਹੋ ਚੰਗਾ ਹੈ ਕਿ ਆਪਣੇ ਕੀਤੇ ਤੇ ਪਸ਼ਚਾਤਾਪ ਕਰੇਂ ਅਤੇ ਅਗੇ ਤੋਂ ਆਪਣੇ ਮਨ ਨੂੰ ਰੱਬ ਦੀ ਬੰਦਗੀ ਵਿਚ ਲਾਏਂ। ਨਾਲੇ ਜਿਤਨੇ ਵੀ ਮਨੁਖ ਕੈਦ ਕੀਤੇ ਹਨ, ਸਭ ਨੂੰ ਛਡ ਦੇ। ਬੇਟੀ ! ਤੂੰ ਸੱਚ ਜਾਣ, ਤੇਰੇ ਪਿਛਲੇ ਪਾਪ ਧੋਤੇ ਜਾਣਗੇ; ਤੂੰ ਕੁੰਦਨ ਹੋ ਜਾਏਂਗੀ। ਫਿਰ ਤੂੰ ਸੁਰਖ਼ਰੂ ਹੋ ਕੇ ਉਜਲੇ ਮੁਖ ਨਾਲ ਵਾਹਿਗੁਰੂ ਦੇ ਦਰਬਾਰ ਜਾਏਂਗੀ।

ਬੀਬੀ ਨੂਰਸ਼ਾਹ ਨੂੰ ਅੱਜ ਹੀ ਪਤਾ ਲਗਾ ਕਿ ਸੱਚ ਕੀ ਹੈ, ਅਤੇ ਰੱਬ ਨੂੰ ਯਾਦ ਕਰਨਾ ਕਿੰਨਾ ਜ਼ਰੂਰੀ ਹੈ। ਉਸ ਨੂੰ ਸੋਝੀ ਆਈ ਕਿ ਰੱਬ ਦੇ ਜੀਵਾਂ ਨੂੰ ਦੁਖਾ ਕੇ ਮੈਂ ਬਹੁਤ ਗੁਨਾਹ ਕੀਤੇ ਹਨ। ਉਸ ਨੇ ਸਭ ਮਨੁਖਾਂ ਨੂੰ ਗੁਰੂ ਸਾਹਿਬ ਦੇ ਸਾਹਮਣੇ ਹੀ ਰਿਹਾ ਕਰ ਦਿੱਤਾ। ਗੁਰੂ ਸਾਹਿਬ ਹੁਣ ਭਾਈ ਮਰਦਾਨੇ ਨੂੰ ਨਾਲ ਲੈ ਕੇ ਵਾਪਸ ਉਸੇ ਥਾਂ ਚਲੇ ਗਏ, ਜਿਥੇ ਉਨ੍ਹਾਂ ਟਿਕਾਣਾ ਕੀਤਾ ਸੀ।

ਗੁਰੂ ਸਾਹਿਬ ਦੇ ਜਾਣ ਤੋਂ ਬਾਅਦ ਬੀਬੀ ਨੂਰਸ਼ਾਹ ਨੇ ਬਹੁਤ ਸੋਹਣਾ ਪ੍ਰਸ਼ਾਦਾ ਤਿਆਰ ਕੀਤਾ ਅਤੇ ਗੁਰੂ ਸਾਹਿਬ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਬਿਨੈ ਕੀਤੀ ਕਿ ਸੱਚੇ ਪਿਤਾ ਜੀਉ, ਛਕੋ। ਪਰ ਗੁਰੂ ਸਾਹਿਬ ਨੇ ਪ੍ਰਸ਼ਾਦਾ ਸਵੀਕਾਰ ਨਹੀਂ ਕੀਤਾ, ਕਿਉਂਕਿ ਇਹ ਤਾਂ ਪਾਪਾਂ ਨਾਲ ਇਕੱਠੀ ਕੀਤੀ ਗਈ ਦੌਲਤ ਦਾ ਬਣਾਇਆ ਹੋਇਆ ਸੀ। ਬੀਬੀ ਨੂਰਸ਼ਾਹ ਨੇ ਗੁਰੂ ਸਾਹਿਬ ਦੇ ਕਹਿਣ ਤੇ ਸਾਰੀ ਦੌਲਤ ਗਰੀਬਾਂ ਵਿਚ ਵੰਡ ਦਿੱਤੀ ਅਤੇ ਧਰਮ ਦੀ ਕਮਾਈ ਵਲ ਕਦਮ ਪੁਟਿਆ। ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਬੀਬੀ ਨੂਰ ਸ਼ਾਹ ਨੇ ਸਾਰਾ ਦਿਨ ਮਜ਼ਦੂਰੀ ਕਰ ਕੇ ਦੋ ਆਨੇ ਕਮਾਏ। ਉਸ ਦੇ ਚੌਲ ਤੇ ਦਾਲ ਖ਼ਰੀਦੇ। ਫਿਰ ਉਨ੍ਹਾਂ ਨੂੰ ਤਿਆਰ ਕਰ ਕੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਖੜਿਆ। ਗੁਰੂ ਸਾਹਿਬ ਜੀ ਅਜਿਹੀ ਨੇਕ ਕਮਾਈ ਵਾਲਾ ਖਾਣਾ ਦੇਖ ਕੇ ਖ਼ੁਸ਼ ਹੋਏ ਅਤੇ ਉਥੇ ਜਿਤਨੇ ਬੈਠੇ ਸਨ, ਥੋੜ੍ਹਾ ਥੋੜ੍ਹਾ ਸਾਰਿਆਂ ਵਿਚ ਵੰਡ ਦਿੱਤਾ ਅਤੇ ਕੁਛ ਆਪ ਵੀ ਖਾਧਾ।

[ਗੁਰੂ ਨਾਨਕ ਚਮਤਕਾਰ ਨੰ: ੧, ਪੰਨਾ ੨੨੯-੩੧

ਗੁਰੂ ਸਾਹਿਬ ਦੀਆਂ ਬੀਬੀ ਨੂਰਸ਼ਾਹ ਤੇ ਬੇਅੰਤ ਮਿਹਰਾਂ ਹੋਈਆਂ। ਉਸ ਨੂੰ ਅਕਾਲ ਪੁਰਖ ਦੇ ਨਾਮ ਦਾ ਅਜਿਹਾ ਖ਼ਜ਼ਾਨਾ ਬਖ਼ਸ਼ ਦਿੱਤਾ, ਜਿਸ ਵਿਚ ਕਦੀ ਤੋਟ ਨ ਆਏ। ਬੀਬੀ ਨੂਰਸ਼ਾਹ ਦਾ ਰੋਮ ਰੋਮ ਅਕਾਲ ਪੁਰਖ ਦੇ ਨਾਮ ਵਿਚ ਰੰਗਿਆ ਗਿਆ।

ਬੀਬੀ ਨੂਰਸ਼ਾਹ ਦਾ ਇਸ ਤਰ੍ਹਾਂ ਜੀਵਨ ਬਦਲ ਜਾਣਾ ਅਤੇ ਫਿਰ ਜੀਵਨ ਹੀ ਨਹੀਂ, ਸਾਰੀ ਦੌਲਤ ਨੂੰ ਲੁਟਾ ਦੇਣਾ ਅਤੇ ਫਿਰ ਮਿਹਨਤ ਮਜ਼ਦੂਰੀ ਕਰਨਾ, ਇਹ ਇਕ ਐਸਾ ਚਮਤਕਾਰ ਸੀ ਜਿਸ ਨੇ ਧਨਪੁਰ ਦੇ ਲੋਕਾਂ ਨੂੰ ਚਕ੍ਰਿਤ ਕਰ ਦਿਤਾ। ਸਭ ਸਮਝਣ ਲਗ ਪਏ ਸਨ ਕਿ ਇਹ ਮਹਾਂ ਪੁਰਖ ਜ਼ਰੂਰ ਕੋਈ ਮਹਾਨ ਸ਼ਕਤੀਆਂ ਦੇ ਮਾਲਕ ਹਨ, ਜਿਨ੍ਹਾਂ ਨੇ ਨੂਰਸ਼ਾਹ ਵਰਗੀ ਜ਼ਬਰਦਸਤ ਜਾਦੂਗਰਨੀ ਨੂੰ ਇਕੋ ਨਜ਼ਰ ਵਿਚ ਸਿੱਧਾ ਤੀਰ ਕਰ ਦਿਤਾ ਅਤੇ ਸਭ ਤਰ੍ਹਾਂ ਦੇ ਜਾਦੂ-ਟੂਣੇ ਛੁਡਾ, ਤੇ ਘਰ ਬਾਰ ਲੁਟਾ ਕੇ ਸਤ ਮਾਰਗ ਤੇ ਤੋਰ ਦਿਤਾ।

ਹੁਣ ਧਨਪੁਰ ਦੇ ਲੋਕੀਂ ਵੀ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਪਹੁੰਚ ਕੇ 'ਸਿੱਖੀ' ਗ੍ਰਹਿਣ ਕਰਦੇ ਜਾ ਰਹੇ ਸਨ। ਬੀਬੀ ਨੂਰਸ਼ਾਹ ਦੀਆਂ ਚੇਲੀਆਂ ਚੇਲੇ, ਜਿਨ੍ਹਾਂ ਨੂੰ ਬੀਬੀ ਨੂਰਸ਼ਾਹ ਨੇ ਕੈਦ ਕਰੀ ਰਖਿਆ ਸੀ, ਸਾਰੇ ਇਸ ਤੋਂ ਪਹਿਲਾਂ ਗੁਰੂ ਸਾਹਿਬ ਦੀ ਚਰਨੀਂ ਲਗ ਚੁਕੇ ਸਨ।

ਇਕ ਦਿਨ ਬੀਬੀ ਨੂਰਸ਼ਾਹ ਅਤੇ ਕੁਝ ਲੋਕਾਂ ਨੇ ਗੁਰੂ ਸਾਹਿਬ ਅਗੇ ਬੇਨਤੀ ਕੀਤੀ—'ਸੱਚੇ ਪਾਤਸ਼ਾਹ ਜੀਉ ! ਇਥੇ ਪਾਣੀ ਦੀ ਬੜੀ ਤੰਗੀ ਹੈ, ਕੋਈ ਮਿਹਰ ਕਰੋ।' ਇਹ ਸੁਣ ਕੇ ਗੁਰੂ ਸਾਹਿਬ ਨੇ ਇਕ ਬਰਛਾ ਮੰਗਵਾਇਆ।

[ਬਾਕੀ ਸਫ਼ਾ ੨੩ ਦੇ ਹੇਠ]



www.AKJ.Org

# ਸਿੰਘ ਸਭਾ ਦੇ ਕੰਮ ਤੇ ਇਕ ਪੜਚੋਲਵੀਂ ਨਜ਼ਰ

[ ਵਲੋਂ—ਸਾਰੰਗ ਜੀ, ਕਪੂਰਥਲਾ ]

ਸਿੰਘ ਸਭਾ ਸੰਨ ੧੮੭੩ ਵਿਚ ਕੁਝ ਪੜ੍ਹੇ ਲਿਖੇ ਸ਼ਹਿਰੀ ਸਿਖਾਂ ਨੇ ਧਰਮ ਦੇ ਨਾਂ ਤੇ ਹੋ ਰਹੀ ਲੁਟ-ਖਸੁਟ ਤੋਂ ਆਪ ਬਚਣ ਤੇ ਸਿਖ ਕੌਮ ਨੂੰ ਬਚਾਉਣ ਲਈ ਸ਼ੁਰੂ ਕੀਤੀ। ਇਸ ਦੇ ਸਾਹਮਣੇ ਕੁਝ ਇਸ ਕਿਸਮ ਦੇ ਆਸ਼ੇ ਸਨ :—

੧. ਸਿਖਾਂ ਨੂੰ ਧਾਰਮਕ ਤੇ ਵਿਹਾਰਕ ਵਿਦਿਆ ਦੇਣ ਦਾ ਯਤਨ ਕਰਨਾ। ਇਸ ਵਿਚਾਰ ਦੇ ਅਧੀਨ ਖਾਲਸਾ ਸਕੂਲਾਂ ਅਤੇ ਕਾਲਜਾਂ ਨੇ ਜਨਮ ਲਿਆ।

੨. ਪੰਜਾਬੀ ਬੋਲੀ ਵਿਚ ਕੌਮੀ ਸਾਹਿੱਤ ਨੂੰ ਪੈਦਾ ਕਰਨਾ। ਇਸ ਮੰਤਵ ਦੀ ਪੂਰਤੀ ਲਈ ਭਾਈ ਵੀਰ ਸਿੰਘ ਜੀ, ਭਾਈ ਰਣਧੀਰ ਸਿੰਘ ਜੀ, ਭਾਈ ਕਾਨ੍ਹ ਸਿੰਘ ਜੀ ਨਾਭਾ, ਭਾਈ ਜੋਧ ਸਿੰਘ ਜੀ, ਪ੍ਰੋ: ਸਾਹਿਬ ਸਿੰਘ ਜੀ ਆਦਿ ਦੇ ਜਤਨਾਂ ਨਾਲ ਕਾਫ਼ੀ ਗੁਰਮਤਿ ਸਾਹਿੱਤ ਰਚਿਆ ਗਿਆ।

੩. ਅਨਮਤਾਂ ਵਿਚ ਘੁਲ-ਮਿਲ ਰਹੇ ਸਿੱਖਾਂ ਨੂੰ ਉਸ ਪਾਸੋਂ ਮੋੜਨਾ। ਇਸ ਮਨੋਰਥ ਦੀ ਪੂਰਤੀ ਲਈ ਧਰਮ ਪ੍ਰਚਾਰ ਕਰਨ ਲਈ ਭਾਈ ਹੀਰਾ ਸਿੰਘ ਭਾਗ ਸਿੰਘ ਜੀ, ਸੰਤ ਬਾਬਾ ਅਤਰ ਸਿੰਘ ਜੀ ਤੇ ਅਨੇਕਾਂ ਹੋਰ ਮਹਾਨ ਵਿਅਕਤੀਆਂ ਨੇ ਸਿੱਖ ਸੰਗਤਾਂ ਨੂੰ ਅਨਮਤਾਂ ਵਿਚ ਸ਼ਾਮਲ ਹੋਣ ਤੋਂ ਰੋਕ ਕੇ ਗੁਰਮਤਿ ਮਾਰਗ ਵਲ ਪ੍ਰੇਰਤ ਕੀਤਾ।

੪. ਅੰਗਰੇਜ਼ੀ ਹਕੂਮਤ ਦੇ ਕਦਮ ਨਾਲ ਕਦਮ ਮੇਲ ਕੇ ਸਿਖ ਪੰਥ ਨੂੰ ਚਲਾਉਣਾ। ਇਸ ਮਨੋਰਥ ਦੀ ਪੂਰਤੀ ਲਈ ਸਿਖ ਵਧ ਚੜ੍ਹ ਕੇ ਬਰਤਾਨੀਆ ਸ੍ਰਕਾਰ ਨੂੰ ਆਪਣਾ ਸਹਿਯੋਗ ਦਿੰਦੇ ਹੋਏ, ਬੜੇ ਖੁਲ੍ਹੇ ਦਿਲ ਨਾਲ ਫ਼ੌਜਾਂ ਵਿਚ ਭਰਤੀ ਹੋਏ। ਹੁਣ ਤਕ ਵੀ ਸਿਖ ਹਿੰਦੁਸਤਾਨ ਦੀ ਇਕ ਬਹਾਦਰ, ਲੜਾਕਾ ਤੇ ਵਫ਼ਾਦਾਰ ਕੌਮ ਸਮਝੀ ਜਾਂਦੀ ਹੈ।

ਸਮੇਂ ਦੇ ਹਾਲਾਤ ਬਦਲੇ, ਜਿਸ ਨੇ ੧੮੭੩ ਤੋਂ ਲੈ ਕੇ ੧੯੪੭ ਤਕ ਦੇ ਬਣੇ-ਤਣੇ ਸਿਖ ਭਾਈਚਾਰੇ ਨੂੰ ਬੜੀ ਵਡੀ ਕਰਾਰੀ ਸੱਟ ਮਾਰੀ। ਪਛਮੀ ਪੰਜਾਬ ਫ਼ਰੰਟੀਅਰ ਦੀਆਂ ਸਿਖ ਸੰਗਤਾਂ ਖੇਰੂੰ ਖੇਰੂੰ ਹੋ ਕੇ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਖਿਲਰ ਗਈਆਂ। ਇਸ ਤਰ੍ਹਾਂ ੨੬ ਸਾਲ ਬੀਤ ਗਏ। ਖਿਲਰੀਆਂ ਹੋਈਆਂ ਸਿਖ ਸੰਗਤਾਂ ਨੂੰ ਸਿੰਘ ਸਭਾ ਦੇ ਸੂਤਰ ਵਿਚ ਪ੍ਰੋਣ ਲਈ ਕਿਸੇ ਨੇ ਕੋਈ ਯਤਨ ਨਾ ਕੀਤਾ। ਪਰ ਸਿਖ ਬੁਧੀ-ਜੀਵੀਆਂ ਵਿਚ ਸਮੁਚੀ ਕੌਮ ਦੇ ਖੇਰੂੰ ਖੇਰੂੰ ਹੋਣ ਦਾ ਅਹਿਸਾਸ ਵਧਦਾ ਗਿਆ ਤੇ ਇਹ ਵੀ ਭਿਆਨਕ ਰੂਪ ਵਿਚ ਸਾਹਮਣੇ ਉਭਰ ਕੇ ਆਇਆ ਕਿ ਜੇ ਹੁਣ ਯਤਨ ਨਾ ਕੀਤੇ ਗਏ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ ਖ਼ਾਲਸਾ ਬ੍ਰਾਹਮਣੀ ਪੰਥ ਵਿਚ ਮਿਲਗੋਭਾ ਹੋ ਜਾਵੇਗਾ। ਖ਼ੁਸਵੰਤ ਸਿੰਘ ਦੀ ਛਪੀ ਇਕ ਕਿਤਾਬ (The Sikhs) ਜੋ ੧੯੬੦ ਵਿਚ ਛਪੀ ਸੀ, ਨੇ ਇਕ ਨਵੀਂ ਵੰਗਾਰ ਪਾਈ ਕਿ ਸਿਖ ੫੦ ਸਾਲ ਦੇ ਅੰਦਰ ਅੰਦਰ ਖਤਮ ਹੋ ਜਾਣਗੇ। ਪੰਜਾਬ ਵਿਚ (ਪਿੰਡ ਵਿਚ) ਖ਼ਾਸ ਕਰਕੇ ਜ਼ਿਮੀਦਾਰੇ ਤਬਕੇ ਵਿਚ ਦਾੜ੍ਹੀ ਤੇ ਕੇਸ ਕਟਣ ਜਾਂ ਤਮਾਕੂ ਖਾਣ ਦੀ ਵਾਦੀ ਵਧਦੀ ਜਾ ਰਹੀ ਹੈ।

ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁਖ ਰਖਦਿਆਂ ੧੯੭੩

---

[ਸਫ਼ਾ ੨੨ ਦੀ ਬਾਕੀ]

ਉਹ ਬਰਛਾ ਧਰਤੀ ਵਿਚ ਮਾਰ ਕੇ ਮਿੱਠਾ ਪਾਣੀ ਕੱਢਿਆ, ਜਿਥੇ ਬਾਅਦ ਵਿਚ 'ਗੁਰਦਵਾਰਾ ਬਰਛਾ ਸਾਹਿਬ' ਸਥਾਪਿਤ ਹੋਇਆ। ਕਹਿੰਦੇ ਹਨ ਕਿ ਉਹ ਮਿੱਠਾ ਪਾਣੀ ਅਜੇ ਵੀ ਉਸੇ ਤਰ੍ਹਾਂ ਧਰਤੀ ਵਿਚੋਂ ਨਿਕਲਦਾ ਹੈ, ਜਿਸ ਨੂੰ 'ਗੁਰੂ ਜੀ ਦੀ ਮਿਠੇ ਜਲ ਦੀ ਬਾਉਲੀ' ਆਖਦੇ ਹਨ। ਉਹ ਬਰਛਾ ਵੀ ਅਜੇ ਤਕ ਮੌਜੂਦ ਹੈ।

ਗੁਰੂ ਸਾਹਿਬ ਜਦੋਂ ਬੀਬੀ ਨੂਰਸਾਹ ਅਤੇ ਹੋਰ ਅਨੇਕਾਂ ਜੀਵਾਂ ਨੂੰ 'ਸਿੱਖੀ' ਦੀ ਜਾਗ ਲਾ ਕੇ ਉਥੋਂ ਅਗਾਂਹ ਚਲੇ ਗਏ ਤਾਂ ਪਿਛੋਂ ਬੀਬੀ ਨੂਰਸ਼ਾਹ ਨੇ ਗੁਰਮਤਿ ਦਾ ਬਹੁਤ ਪਰਚਾਰ ਕੀਤਾ। ਬੀਬੀ ਦੇ ਚਲਾਣੇ ਤੋਂ ਬਾਅਦ ਉਸ ਦਾ ਜੋ ਘਰ ਸੀ, ਉਥੇ ਗੁਰਦਵਾਰਾ ਕਾਇਮ ਹੋਇਆ, ਜੋ ਕਿ 'ਗੁਰਦਵਾਰਾ ਮੰਜੀ ਸਾਹਿਬ ਕਾਲਰ' ਦੇ ਨਾਂ ਤੋਂ ਪ੍ਰਸਿਧ ਹੈ।



www.AKJ.Org

ਵਿਚ ਸਿੰਘ ਸਭਾ ਸ਼ਤਾਬਦੀ ਕਮੇਟੀ ਨੇ ਸਿੰਘ ਸਭਾਵਾਂ ਦੇ ਚਿਰਾਂ ਤੋਂ ਛਡੇ ਕੰਮ ਨੂੰ ਸੁਰਜੀਤ ਕਰਨ ਲਈ ਯਤਨ ਅਰੰਭੇ, ਜੋ ਬਹੁਤ ਸ਼ਲਾਘਾ ਯੋਗ ਹਨ। ਖ਼ਾਸ ਕਰਕੇ ਕੇਂਦਰੀ ਕਮੇਟੀ ਦੇ ਮੈਂਬਰਾਂ ਦਾ ਹਰ ਸੂਬੇ ਦਾ ਦੌਰਾ ਕਰ ਕੇ ਉਥੇ ਉਥੇ ਸਿੰਘ ਸਭਾਵਾਂ ਕਾਇਮ ਕਰਨਾ ਅਤੇ ਉਹਨਾਂ ਨੂੰ ਕੇਂਦਰੀ ਸਿੰਘ ਸਭਾ ਨਾਲ ਜੋੜਨਾ। ਇਸ ਯਤਨ ਨਾਲ ਨਾ ਕੇਵਲ ਭਾਰਤ ਵਰਸ਼ ਦੀਆਂ ਸਿੰਘ ਸਭਾਵਾਂ, ਬਲਕਿ ਸੰਸਾਰ ਭਰ ਦੀਆਂ ਸਿੰਘ ਸਭਾਵਾਂ ਨੂੰ ਕੇਂਦਰੀ ਸਿੰਘ ਸਭਾ ਨਾਲ ਜੋੜਨ ਦਾ ਮਹਾਨ ਟੀਚਾ ਸਾਹਮਣੇ ਰਖਿਆ ਗਿਆ ਹੈ। ਅਗੋਂ ਚਲ ਕੇ ਇਹ ਸੰਭਵ ਹੈ ਕਿ ਇਹੀ ਕੇਂਦਰੀ ਸਿੰਘ ਸਭਾ ਸਮੁਚੇ ਪੰਥ ਦੀ ਧਰਮ ਨਿਰਦੇਸ਼ਕ ਸੰਸਥਾ ਬਣ ਜਾਏ।

ਵੈਸੇ ਅਜਿਹੀ ਕੇਂਦਰੀ ਸੰਸਥਾ ਦੀ ਲੋੜ ਚਿਰਾਂ ਤੋਂ ਮਹਿਸੂਸ ਹੋ ਰਹੀ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕੇਵਲ ਇਕ ਪ੍ਰਬੰਧਕ ਕਮੇਟੀ ਹੈ, ਜਿਸਨੂੰ ਗੁਰ-ਦਵਾਰਿਆਂ ਦੇ ਪਰਬੰਧ ਤੋਂ ਹੀ ਵੇਹਲ ਨਹੀਂ ਲਗਦਾ। ਇਸ ਲਈ ਸਿਖ ਸੰਗਤਾਂ ਨੂੰ ਨਵੀਨ ਖੋਜਾਂ ਦੇ ਅਧਾਰ ਤੇ ਸਿਖ ਧਰਮ ਦੇ ਅਸੂਲ, ਰਹਿਤਨਾਮੇ ਅਤੇ ਗੁਰੂ ਮਹਾਰਾਜ ਜੀ ਦੇ ਹੁਕਮਾਂ ਨੂੰ ਦ੍ਰਿੜ੍ਹ ਕਰਾਉਣ ਲਈ ਇਕ ਕੇਂਦਰੀ ਧਰਮ ਨਿਰਦੇਸ਼ਕ ਕਮੇਟੀ ਦੀ ਲੋੜ ਹੈ।

ਸੰਨ ੧੮੭੩ ਵਿਚ ਜਦੋਂ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਬਣੀ ਸੀ ਤਾਂ ਇਸਦੇ ਮੋਢੀਆਂ ਵਿਚ ਦੋ ਕਿਸਮ ਦੇ ਆਦਮੀ ਸਨ:— ਸਰਮਾਏਦਾਰ, ਰਈਸ, ਵਡੇ ਵਡੇ ਸਿਖ ਸਰਦਾਰ, ਉਚੀਆਂ ਕੁਲਾਂ ਜਾਤਾਂ ਵਾਲੇ ਅਤੇ ਪੁਜਾਰੀ ਤੇ ਮਹੰਤ। ਇਹ ਇਕ ਧੜਾ ਸੀ, ਜਿਨ੍ਹਾਂ ਦਾ ਸਿਖ ਗੁਰਦੁਆਰਿਆਂ ਅਤੇ ਸਿਖ ਰਹੁਰੀਤਾਂ ਤੇ ਚੋਖਾ ਪਰਭਾਵ ਸੀ। ਦੂਜੇ ਪਾਸੇ ਸਧਾਰਨ ਜਨਤਾ ਦੇ ਲੋਕ ਸਨ। ਸਰਮਾਏਦਾਰ, ਪੁਜਾਰੀ ਤਬਕੇ ਨੇ ਉਸ ਵੇਲੇ ਭੀ ਸਿੰਘ ਸਭਾ ਦੇ ਇਨ੍ਹਾਂ ਜਤਨਾਂ ਦਾ ਡਟ ਕੇ ਵਿਰੋਧ ਕੀਤਾ ਕਿ ਨੀਵੀਆਂ ਸ਼ਰੇਣੀਆਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਵਿਚ ਕਿਉਂ ਰਲਾਇਆ ਜਾਏ। ਇਹ ਗਲ ਅਜ ਬੜੀ ਦਿਲਚਸਪੀ ਨਾਲ ਪੜ੍ਹੀ ਜਾਏਗੀ ਕਿ ਸਾਡੇ ਪੰਥ ਦੇ ਮਹਾਨ ਵਿਦਵਾਨ ਗਿਆਨੀ ਦਿਤ ਸਿੰਘ, ਜਿਨ੍ਹਾਂ ਨੇ ਸੰ: ੧੯ ੮ ਵਿਚ ਸੁਆਮੀ ਦਯਾਨੰਦ ਨੂੰ ਸਮਵਾਦ ਵਿਚ ਹਰਾ ਦਿਤਾ ਸੀ, ਇਹੋ ਜਹੇ ਗੁਰਸਿੱਖ ਨੂੰ ਵੀ ਗੁਰਦੁਆਰਿਆਂ ਵਿਚ ਦੇਗ ਚੜ੍ਹਾਉਣ ਜਾਂ ਵਰਤਾਣ ਦਾ ਹੁਕਮ ਨਹੀਂ ਸੀ। ਭਾਵੇਂ ਆਪ ਅੰਮ੍ਰਿਤਧਾਰੀ ਸਨ ਤ੍ਹਾਂ ਭੀ ਬਹੁਤ ਸਾਰੇ ਲੋਕ ਆਪ ਨੂੰ ਨੀਵੀਂ ਜਾਤ ਦਾ ਹੋਣ ਕਰਕੇ ਵਧੇਰੇ ਮਾਣ ਨਹੀਂ ਸਨ ਦੇਂਦੇ। ਇਸ ਗਲ ਦਾ ਜ਼ਿਕਰ ਸੰਤ ਤੇਜਾ ਸਿੰਘ ਜੀ ਨੇ ਆਪਣੀ ਪੁਸਤਕ "ਜੀਵਨ ਬਿਰਤਾਂਤ ਸੰਤ ਅਤਰ ਸਿੰਘ ਜੀ" ਵਿਚ ਕਰਦੇ ਹੋਏ ਲਿਖਿਆ ਹੈ ਕਿ ਸੰਤ ਜੀ ਮਹਾਰਾਜ ਨੂੰ ਗਿਆਨੀ ਜੀ ਨਾਲ ਦਿਲੋਂ ਹਮਦਰਦੀ ਸੀ।

ਸਰਮਾਏਦਾਰ ਅਤੇ ਪੁਜਾਰੀ ਪਖ ਨੂੰ ਗੁਰਦਵਾਰਾ ਸੁਧਾਰ ਲਹਿਰ ਸਮੇਂ ਤਕੜੀ ਹਾਰ ਹੋਈ ਅਤੇ ਇਕ ਵਾਰੀ ਤਾਂ ਇਹ ਨਿਸ਼ਚਾ ਬਝ ਗਿਆ ਕਿ ਸਿੰਘਾਂ ਵਿਚ ਜਾਗਰਤੀ ਆ ਗਈ ਹੈ, ਪਰ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਸਿੰਘ ਸਭਾਵਾਂ ਸ਼ਹਿਰੀ ਕਮੇਟੀਆਂ ਸਨ ਅਤੇ ਇਨ੍ਹਾਂ ਦਾ ਬਹੁਤਾ ਯਤਨ ਸ਼ਹਿਰਾਂ ਵਿਚ ਵਸ ਰਹੇ ਸਿਖਾਂ ਨੂੰ ਸੁਧਾਰ ਦੇ ਰਾਹ ਤੇ ਪਾਉਣਾ ਸੀ। ਪਿੰਡਾਂ ਵਿਚ ਇਹ ਲਹਿਰ ਬਹੁਤੀ ਲੋਕ-ਪ੍ਰਿਆ ਨਾ ਹੋ ਸਕੀ। ਪਿੰਡਾਂ ਵਿਚ ਅਖਾਣ ਮਸ਼ਹੂਰ ਸੀ— 'ਬਣ ਗਏ ਸਿੰਘ ਸਭੀਏ, ਜਦ ਮੁਕ ਗਏ ਘੜੇ ਦੇ ਦਾਣੇ।' ਭਾਵ ਪਿੰਡਾਂ ਵਾਲੇ ਇਹ ਸਮਝਦੇ ਸਨ ਕਿ ਕੇਵਲ ਨਿਜੀ ਸਵਾਰਥ ਲਈ ਹੀ ਲੋਕ ਸਿੰਘ ਸਭਾ ਵਿਚ ਸ਼ਾਮਲ ਹੁੰਦੇ ਹਨ।

ਅਜ ਦੀ ਸਿੰਘ ਸਭਾ ਸ਼ਤਾਬਦੀ ਕਮੇਟੀ ਦੇ ਯਤਨਾਂ ਨਾਲ ਇਸ ਲਹਿਰ ਨੇ ਨਵਾਂ ਮੋੜ ਕਟਿਆ ਹੈ। ਸ਼ਹਿਰਾਂ ਵਿਚ ਸਿੰਘ ਸਭਾਵਾਂ ਮੁੜ ਕੇ ਸੰਗਠਤ ਕਰਨ ਤੋਂ ਬਿਨਾਂ ਪਿੰਡ ਪਿੰਡ ਧਰਮ-ਪਰਚਾਰ ਵਹੀਰਾਂ ਭੇਜ ਕੇ ਪਿੰਡਾਂ ਨੂੰ ਵੀ ਇਸ ਲਹਿਰ ਵਿਚ ਸ਼ਾਮਲ ਕਰਨ ਦਾ ਯਤਨ ਕੀਤਾ ਗਿਆ। ਪਰ ਇਹ ਯਤਨ ਥੋੜੀ ਦੇਰ ਹੀ ਚਲ ਕੇ ਖਤਮ ਹੋ ਗਿਆ ਜਾਪਦਾ ਹੈ। ਅਜ ਤੋਂ ੧੦੦ ਸਾਲ ਪਹਿਲਾਂ ਭੀ ਅਨਮਤੀਆਂ ਦੇ ਹਮਲਿਆਂ ਤੋਂ ਬਚਣ ਲਈ ਯਤਨ ਹੁੰਦੇ ਰਹੇ ਹਨ ਅਤੇ ਹੁਣ ਭੀ ਸਿਖਾਂ ਨੂੰ ਅਨਮਤੀਆਂ ਦੇ ਅਸਰ ਤੋਂ ਬਚਾਉਣ ਦੇ ਯਤਨ ਹੋ ਰਹੇ ਹਨ। ਪਰ ਏਸ ਪਾਸੇ ਵਧੇਰੇ ਧਿਆਨ ਦੇਣ ਦੀ ਲੋੜ ਹੈ, ਕਿਉਂਕਿ ਅਨਮਤੀਆਂ ਦਾ ਅਸਰ ਬਹੁਤ ਤੇਜ਼ ਹੈ।

ਸਿੰਘ ਸਭਾ ਸ਼ਤਾਬਦੀ ਕਮੇਟੀ ਨੇ ਸਿਖ ਬੁਧੀ-ਜੀਵੀਆਂ



www.AKJ.Org

ਨੂੰ ਇਕ ਨਵੀਂ ਵੰਗਾਰ ਪਾਈ ਹੈ, ਤਾਕਿ ਉਹ ਗੁਰੂ ਗ੍ਰੰਥ ਤੇ ਪੰਥ ਦੀਆਂ ਵਿਚਾਰਾਂ ਨੂੰ ਆਪਣੀ ਖੋਜ ਦਾ ਵਿਸ਼ਾ ਬਣਾਉਣ । ਖੋਜ-ਪੱਤਰ ਸਮੇਲਨ ਹੋ ਚੁਕੇ ਹਨ, ਜਿਨ੍ਹਾਂ ਵਿਚ ਕਾਫੀ ਹਛੇ ਪਧਰ ਦੇ ਲੇਖ ਵੀ ਲਿਖੇ ਗਏ ਹਨ। ਉਹਨਾਂ ਨਾਲ ਸਿਖ ਸੰਗਤਾਂ ਵਿਚ, ਖਾਸ ਕਰਕੇ ਪੜ੍ਹਿਆਂ ਲਿਖਿਆਂ ਵਿਚ ਨਵੀਨ ਜਾਗਰਤੀ ਆਵੇਗੀ। ਪਰ ਸਵਾਲ ਉਠਦਾ ਹੈ ਕਿ ਬੁਧੀ-ਜੀਵੀ ਦੀ ਤਰਕ-ਬੁਧੀ ਨੂੰ ਜਨ-ਸਧਾਰਨ ਦੀ ਸੋਚ-ਬੁਧੀ ਨਾਲ ਕਿਵੇਂ ਜੋੜਿਆ ਜਾਏ ? ੧੦੦ ਸਾਲ ਪਹਿਲਾਂ ਵੀ ਅਤੇ ਹੁਣ ਭੀ ਸਿੰਘ ਸਭਾ ਦੀ ਵਾਗ ਡੋਰ ਬੁਧੀ-ਜੀਵੀਆਂ ਦੇ ਹੱਥ ਵਿਚ ਰਹੀ ਹੈ, ਜਿਨ੍ਹਾਂ ਦੀ ਅਵਾਜ਼ ਪਵੇ । ਲਿਖਿਆ ਤਕ ਸੀਮਤ ਰਹਿੰਦੀ ਹੈ । ਜੇ ਜਨ ਸਧਾਰਨ ਨੂੰ ਨਾਲ ਰਲਾਉਣਾ ਹੈ, ਤਾਂ ਉਸ ਲਈ ਮਹਾਨ ਜੀਵਨ ਵਾਲੇ ਗੁਰਮੁਖਾਂ ਨੂੰ ਹੀ ਅਗੇ ਲਾਉਣਾ ਬਣਦਾ ਹੈ, ਜਿਨ੍ਹਾਂ ਦੇ ਜੀਵਨ ਅਤੇ ਕਮਾਈ ਦਾ ਪ੍ਰਭਾਵ ਪਵੇ। ਬਹੁਤ ਸਾਰੇ ਖੋਜ ਪਤਰ ਪੜ੍ਹਨ ਵਾਲੇ ਨਿਰੇ ਚੁੰਚ ਗਿਆਨੀ ਭਾਸਦੇ ਹਨ, ਜਿਨ੍ਹਾਂ ਦੀ ਕਥਨੀ ਹੈ, ਪਰ ਰਹਿਤ ਉਕਾ ਹੀ ਨਹੀਂ ਜਾਪਦੀ।

ਕੀ ਹੁਣ ਦੀ ਸਿੰਘ ਸਭਾ ਕਮੇਟੀ ਸਮੁਚੇ ਸਿਖ ਪੰਥ ਲਈ ਇਕ-ਸਾਰ ਧਰਮ-ਸਿਧਾਂਤ ਅਤੇ ਰਹਿਤ ਬਹਿਤ ਦਾ ਨਿਰਦੇਸ਼ਨ ਕਰੇਗੀ ? ਕੀ ਸਿਖ ਸੰਤਾਂ ਦੇ ਡੇਰੇ ਇਕ ਥਾਂ ਇਕੱਠੇ ਕਰ ਸਕੇਗੀ ? ਅਤੇ ਸਿਖਾਂ ਵਿਚ ਵਖ ਵਖ ਸੰਪ੍ਰਦਾਵਾਂ ਹੋਣ ਕਰਕੇ ਜੋ ਭਿੰਨ-ਭੇਦ ਚਲਿਆ ਆਉਂਦਾ ਹੈ, ਕੀ ਸਿੰਘ ਸਭਾ ਇਸਨੂੰ ਮਿਟਾ ਸਕੇਗੀ ? ਕੀ ਤਖ਼ਤ ਸਾਹਿਬਾਨ ਤੇ ਵੀ ਇਕੋ ਜਹੀ ਖ਼ਾਲਸਈ ਮਰਯਾਦਾ ਕਾਇਮ ਕਰ ਸਕੇਗੀ ? ਉਹ ਸਜਣ ਜੋ ਕਈ ਪੁਸ਼ਤਾਂ ਤੋਂ ਸਹਿਜਧਾਰੀ ਤੁਰੇ ਆਉਂਦੇ ਹਨ, ਉਨ੍ਹਾਂ ਨੂੰ ਵੀ ਆਪਣੇ ਨਾਲ ਮਿਲਾਉਣ ਦਾ ਯਤਨ ਕਰੇਗੀ ?

ਅੰਤ ਵਿਚ ਦੋ ਗੱਲਾਂ ਤੋਂ ਸਾਵਧਾਨ ਹੋਣ ਦੀ ਲੋੜ ਹੈ:—

(੧) ਸ਼ਤਾਬਦੀ ਕਮੇਟੀ ਵਲੋਂ ਹੋਏ ਦੋ ਸਮਾਗਮਾਂ ਅੰਦਰ ਪੰਜ ਵਿਅਕਤੀਆਂ ਨੂੰ ਸਨਮਾਨਤ ਕੀਤਾ ਗਿਆ ਹੈ । (ਇਕ ਵਿਅਕਤੀ ਸਨਮਾਨ ਲੈਣ ਲਈ ਸੇਹਤ ਕਾਰਨ ਨਹੀਂ ਆ ਸਕਿਆ) । ਸਨਮਾਨ-ਪਤਰ ਦੇਣਾ ਗੁਰੂ ਘਰ ਦੀ ਰਹੁ-ਰੀਤ ਨਹੀਂ । ਇਹ ਤਾਂ ਪਛਮੀ ਦੇਸ਼ਾਂ ਦੀ ਨਕਲ ਹੈ ਤੇ ਰਾਜਸੀ ਖੇਤਰ ਤੋਂ ਧਰਮ ਖੇਤਰ ਵਿਚ ਲਿਆਉਣ ਦਾ ਯਤਨ ਹੈ। ਸਿੱਖ ਸੰਗਤਾਂ ਅਜ ਤਕ ਸਨਮਾਨ ਵਜੋਂ ਕੇਵਲ ਸਿਰੋਪਾਉ* ਦੇਣਾ ਹੀ ਉਚਿਤ ਸਮਝਦੀਆਂ ਸਨ। ਮਾਨ-ਪਤਰ ਦੇਣ ਤੋਂ ਪਹਿਲਾਂ ਜੋ ਮਾਨਯੋਗ ਵਿਅਕਤੀ ਬਾਰੇ ਲੰਬੀ ਚੌੜੀ ਜਾਣਕਾਰੀ ਦਿਤੀ ਜਾਂਦੀ ਹੈ ਉਹ ਆਤਮਕ ਤੌਰ ਤੇ ਪੰਥਕ ਸੇਵਾਦਾਰ ਲਈ ਬੜੀ ਹਾਨੀਕਾਰਕ ਹੈ। ਇਸ ਪ੍ਰਥਾ ਨੂੰ ਸ਼ੁਰੂ ਵਿਚ ਹੀ ਖਤਮ ਕਰ ਦੇਣਾ ਯੋਗ ਹੋਵੇਗਾ। ਜਿਸ ਤਰ੍ਹਾਂ ਗੁਰ ਫੁਰਮਾਣ ਹੈ —

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥
ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ ॥

(੨) ਬੁਧੀ-ਜੀਵੀ ਅਤੇ ਖੋਜ-ਪਤਰ ਆਪਣੇ ਆਪ ਵਿਚ ਬਹੁਤ ਚੰਗੀ ਚੀਜ਼ ਹੈ, ਪਰ ਸਿਖ ਧਰਮ ਪਰੇਮਾ ਭਗਤੀ ਮਾਰਗ ਹੈ । ਕਿਤੇ ਇਹ ਨਾ ਹੋਵੇ ਕਿ ਖੋਜਾਂ ਕਰਦੇ ਕਰਦੇ ਪੰਚ ਖ਼ਾਲਸਾ ਦੀਵਾਨ ਭਸੌੜ ਵਾਂਗ ਅਸੀਂ ਸਮੁਚੇ ਪੰਥ ਨੂੰ ਬੁਧੀ-ਜੀਵੀਆਂ ਦੇ ਰੜੇ ਮਾਰੂਥਲ ਵਿਚ ਲੈ ਵੜੀਏ, ਜਿਥੇ ਅੰਮ੍ਰਿਤ ਨਾਮ ਦੀ ਵਰਖਾ ਕਦੀ ਹੁੰਦੀ ਹੀ ਨਾ ਹੋਵੇ। ਯਤਨ ਬੜਾ ਸਫਲ ਹੈ, ਪਰ ਇਸ ਲਈ ਵਧੇਰੇ ਸੂਝ ਅਤੇ ਗੁਰਬਾਣੀ ਦੇ ਚਾਨਣੇ ਵਿਚ ਕਮਾਈ ਕਰਨ ਦੀ ਲੋੜ ਹੈ।

ਮੋਟੇ ਤੌਰ ਤੇ ਅਜ ਦੀ ਕੇਂਦਰੀ ਸਿੰਘ ਸਭਾ ਦੇ ਸਾਹਮਣੇ ਹੇਠ ਦਿਤੇ ਟੀਚੇ ਹਨ, ਜਿਨ੍ਹਾਂ ਦੀ ਪੂਰਤੀ ਲਈ ਸਭ ਨੂੰ ਪੂਰਨ ਸਹਿਯੋਗ ਹੀ ਦੇਣਾ ਬਣਦਾ ਹੈ —

੧. ਸਿੰਘਾਂ ਦੀ ਇਕ ਕੇਂਦਰੀ ਸਭਾ ਬਣਾਈ ਜਾਵੇ ਜੋ ਸਮੁਚੇ ਸੰਸਾਰ ਦੇ ਸਿੰਘਾਂ ਨੂੰ ਲੜੀ ਵਿਚ ਪਰੋਵੇ ਤੇ ਸੰਗਠਤ ਕਰੇ ।
੨. ਦੇਸ ਭਰ ਦੇ ਖ਼ਾਲਸਾ ਸਕੂਲ ਅਤੇ ਕਾਲਜਾਂ ਨੂੰ ਇਕੋ ਕੇਂਦਰੀ ਕਮੇਟੀ ਦੀ ਅਗਵਾਈ ਹੇਠ ਲੈਣਾ ।
੩, ਪੰਥਕ-ਢਾਹ ਨੂੰ ਠਲ੍ਹ ਪਾਉਣੀ, ਜਿਸ ਲਈ ਲੜੀਂਦੇ ਜਤਨ ਕਰਨੇ ਚਾਹੀਦੇ ਹਨ ।

ਇਹ ਸਾਰੇ ਕਾਰਜ ਜਿਥੇ ਮਹਾਨ ਅਤੇ ਸ਼ਲਾਘਾ ਯੋਗ ਹਨ, ਉਥੇ ਇਨ੍ਹਾਂ ਦੀ ਪੂਰਤੀ ਲਈ ਬਹੁਤ ਵਡੇ ਜਤਨ ਭੀ ਕਰਨੇ ਪੈਣਗੇ । ਗੁਰੂ ਪੰਥ ਸਰਬ ਸਮਰਥ ਹੈ । ਸਾਰੇ ਹੰਭਲਾ ਮਾਰੋ ।

---

*ਕੁਝ ਖ਼ਾਸ ਨੀਯਤ ਮਾਇਆ ਬਦਲੇ ਸਿਰਪਾਉ ਦੇਣ ਦੀ ਪ੍ਰਥਾ ਵੀ ਵਿਚਾਰਨ ਯੋਗ ਹੈ ।


www.AKJ.org

# ਗੁਰਮੁਖ ਪੰਥ ਅਤੀਤੰ

[ਵਲੋਂ—ਗਿਆਨੀ ਜਸਮੇਰ ਸਿੰਘ ਜੀ ਪਾਲ]

ਪਰਮਾਰਥ ਤੇ ਸੁਆਰਥ ਇਕੱਠੇ ਨਹੀਂ ਹੋ ਸਕਦੇ। ਪਰ ਇਹ ਪਰਮਾਰਥ ਦੀ ਖੇਡ ਉਦੋਂ ਹੀ ਵਰਤੇਗੀ ਜਦੋਂ ਜੀਵ ਸੁਆਰਥ ਦੀਆਂ ਹੱਦਾਂ ਟੱਪ ਕੇ ਪਰਮ ਪਦ ਦੇ ਮਹਿੰਗੇ ਸੌਦੇ ਨੂੰ ਖ਼ਰੀਦਣ ਚੜ੍ਹ ਪਏ। ਕੋਈ ਸੋਨਾ-ਚਾਂਦੀ ਵਿਹਾਜਦਾ ਹੈ ਤੇ ਕੋਈ ਲੌਂਗ ਸੁਪਾਰੀ, ਪਰ ਗੁਰਮੁਖ ਪਿਆਰੇ ਹਰੀ ਦਾ ਨਾਮ ਹੀ ਵਿਹਾਜਦੇ ਹਨ। ਇਸ ਹਰਿ-ਧਨ ਨੂੰ ਜਮਦੂਤ ਜੋਹ ਨਹੀਂ ਸਕਦੇ, ਪਾਣੀ ਰੋੜ੍ਹ ਨਹੀਂ ਸਕਦਾ, ਅੱਗ ਸਾੜ ਨਹੀਂ ਸਕਦੀ ਅਤੇ ਚੋਰ ਲੁਟ ਨਹੀਂ ਸਕਦੇ। ਇਹ ਅਮੋਲਕ ਧਨ ਜੀਵ ਦੇ ਸਦਾ ਨਾਲ ਜਾਂਦਾ ਹੈ।

ਆਤਮਾ ਅਮਰ ਹੈ। ਆਤਮ-ਜੋਤਿ ਵਿਚ ਰਵ ਰਹੇ ਗੁਰੂ-ਪਿਆਰੇ, ਸਰੀਰ ਨੂੰ ਕਪੜਾ ਸਮਝਦੇ ਹਨ। ਸਰੀਰ ਦਾ ਤਿਆਗ ਉਨ੍ਹਾਂ ਲਈ ਇਵੇਂ ਹੈ ਜਿਵੇਂ ਇਕ ਕੋਠੇ 'ਚੋਂ ਨਿਕਲ ਕੇ ਸਹਿਜੇ ਹੀ ਦੂਜੇ ਕੋਠੇ ਵਿਚ ਜਾ ਵੜੇ। ਇਹੋ ਜਿਹੀ ਉਚ ਅਵਸਥਾ ਕਿਸੇ ਭਾਗਾਂ ਵਾਲੇ ਦੀ ਹੁੰਦੀ ਹੈ; ਜੋ ਦੁਨੀਆ ਵਲੋਂ ਆਪਾ ਭਾਵ ਮਾਰ ਕੇ ਆਤਮ-ਰੰਗਾਂ ਵਿਚ ਜੀਉਂਦੇ ਹਨ, ਜਿਨ੍ਹਾਂ ਨੂੰ ਹਾਟੀ ਬਾਟੀ ਨੀਂਦ ਨਹੀਂ ਆਉਂਦੀ। ਜਿਨ੍ਹਾਂ ਦਾ ਪਰ-ਘਰ ਚਿਤ ਨਹੀਂ ਡੋਲਦਾ, ਜਿਨ੍ਹਾਂ ਪਾਸ ਸਤਿਨਾਮ ਬਾਝੋਂ ਹੋਰ ਕੋਈ ਕਰਾਮਾਤ ਨਹੀਂ। ਇਹ ਨਾਮ ਦੀ ਦਾਤ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ ਜਿਨ੍ਹਾਂ ਤੇ ਆਪ ਸਾਹਿਬ ਤਰੁੱਠਦਾ ਹੈ। ਸਾਹਿਬ ਤਰੁਠਦਾ ਉਦੋਂ ਹੈ ਜਦੋਂ ਇਹ ਪੰਜ ਭੂਤਕ ਦੇਹੀ ਰਜੋ, ਤਮੋ, ਸਤੋ ਤੋਂ ਉਤਾਂਹ ਉਠ ਕੇ ਅਠੋਂ ਪਹਿਰ ਸਤਿਨਾਮ ਦਾ ਜਾਪ ਕਰਦੀ ਹੈ, ਗੁਰੂ ਦੁਆਰੇ ਹੋ ਕੇ। ਉਦੋਂ ਇਸ ਦੇ ਭਰਮ ਦੇ ਛੋੜ ਕੱਟੇ ਜਾਂਦੇ ਹਨ। ਸਾਹਿਬ ਅਪਣੀ ਜੋਤਿ ਅੰਦਰ ਧਰ ਦਿੰਦਾ ਹੈ, ਅਗਿਆਨ ਦਾ ਅਂਧੇਰਾ ਕੱਟ ਕੇ ਗੁਰ-ਗਿਆਨ ਦਾ ਪ੍ਰਚੰਡ ਦੀਵਾ ਬਾਲ ਦਿੰਦਾ ਹੈ। ਇਉਂ ਗੁਰ-ਸਬਦ ਦੀ ਅਟੁਟ ਕਮਾਈ ਨਾਲ ਭਵਜਲ ਤਰੀਦਾ ਹੈ ਅਤੇ ਆਵਾਗਉਣ ਤੋਂ ਛੁਟਕਾਰਾ ਮਿਲਦਾ ਹੈ। ਪਰ ਇਸ ਨਾਮ-ਪਦਾਰਥ ਨੂੰ ਪਾ ਕੇ ਜੋ ਬਿਵਸਥਾ ਬਣਦੀ ਹੈ ਉਸ ਨੂੰ ਗੁਰੂ ਸਾਹਿਬ ਜੀ ਇਉਂ ਦਰਸਾਉਂਦੇ ਹਨ —

ਰਸ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ, ਕਿਤੁ ਬਿਧਿ ਮਿਲੈ ਰਸੁ ਖਾਇ ॥ ਜਾਇ ਪੁਛਹੁ ਸੋਹਾਗਣੀ, ਤੁਸਾਂ ਕਿਉ ਕਰਿ ਮਿਲਿਆ ਪ੍ਰਭੁ ਆਇ ॥ ਓਇ ਵੇਪਰਵਾਹ ਨ ਬੋਲਨੀ, ਹਉ ਮਲਿ ਮਲਿ ਧੋਵਾ ਤਿਨ ਪਾਇ ॥

[ਸਿਰੀ ਰਾਗ ਮ: ੪, ਪੰਨਾ ੪੧

ਉਹ ਰਾਮ-ਪਦਾਰਥ ਨੂੰ ਪਾ ਕੇ ਗੰਢ ਨਹੀਂ ਖੋਲ੍ਹਦੇ। ਭਗਤ ਕਬੀਰ ਜੀ ਇਸ ਪ੍ਰਥਾਇ ਲਿਖਦੇ ਹਨ —

ਰਾਮ ਪਦਾਰਥੁ ਪਾਇ ਕੈ, ਕਬੀਰਾ ਗਾਂਠਿ ਨ ਖੋਲ੍ ॥ ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕ ਨਹੀ ਮੋਲੁ ॥੨੩॥

ਜਿਨ੍ਹਾਂ ਇਹ ਚਾਖੀ ਸੋਈ ਜਾਣਦੇ ਹਨ। ਜਿਨ੍ਹਾਂ ਨਾਮ ਅਮੋਲਾ ਪੀਤਾ ਹੈ ਸੋ ਤ੍ਰਿਪਤਾਸੇ ਹਨ। ਹਰੀ ਖੰਡ ਹੈ, ਮਾਇਆ ਰੇਤ ਹੈ। ਸਥੂਲ ਬੁੱਧੀ, ਜੋ ਹਾਥੀ ਜਿਹੀ ਸਥੂਲ ਹੈ, ਹਰੀ-ਖੰਡ ਨੂੰ ਮਾਇਆ ਰੇਤ ਵਿਚੋਂ ਚੁਣ ਨਹੀਂ ਸਕਦੀ; ਪਰ ਉੱਚ ਅਵਸਥਾ ਵਿਚ ਪੁਜ ਕੇ ਬੁੱਧ ਉਜਲ ਹੋ ਗਈ, ਚੀਟੀ ਵਾਂਗ ਸੂਖਮ ਅਕਾਰ ਬਣ ਗਈ। ਉਦੋਂ ਰੇਤ ਵਿਚੋਂ ਖੰਡ ਚੁਣ ਲਈ, ਮਾਇਆ ਜਗਤ ਪਸਾਰੇ ਵਿਚੋਂ ਹੀ ਪਾਰਬ੍ਰਹਮ ਲਭ ਲਿਆ। ਪਰ ਜਦੋਂ ਗੁਰੂ ਨੇ ਭਲੀ ਪ੍ਰਕਾਰ ਬੁਝਾ ਦਿਤਾ ਤਦੋਂ ਹੀ ਇਹ ਬਣ ਆਉਂਦਾ ਹੈ।

ਸੋ ਗੁਰੂ ਦੇ ਪਿਆਰਿਆਂ ਨੇ, ਗੁਰਮੁਖ ਅਤੀਤ ਪੰਥ ਵਾਲਿਆਂ ਨੇ, ਗੁਰਮਤਿ ਗਾਡੀ ਰਾਹ ਉਤੇ ਚਲਣ ਵਾਲਿਆਂ ਨੇ ਮਾਇਆ ਤੋਂ ਸੇਵਾ ਲੈਣੀ ਹੈ, ਇਸ ਨੂੰ ਸਰਬ ਸਾਝੇ ਗੁਰੂ ਕੇ ਲਗਰ ਵਿਚ ਧੱਕ ਛਡਣਾ ਹੈ। ਇਉਂ ਇਹ ਭੁਖਿਆਂ ਅਤਿਥੀਆਂ ਦਾ ਆਹਾਰ ਬਣੇਗੀ।

ਗੁਰਮੁਖ ਪੰਥ ਅਤੀਤ ਇਸੇ ਲਈ ਹੈ ਕਿ ਉਹ ਮਾਇਆ ਵਿਚ ਉਦਾਸ ਰਹਿੰਦੇ ਹਨ, ਮਾਇਆ ਨੂੰ ਚੇਰੀ ਸਮਝਦੇ ਹਨ, ਦਾਸੀ ਬਣਾ ਕੇ ਰਖਦੇ ਹਨ। ਗੁਰਮੁਖ ਗਾਡੀ ਰਾਹ ਤੇ ਪੈਣ ਵਾਲੇ ਗੁਰੂ ਦੇ ਪਿਆਰੇ ਮਾਇਆ ਦਾ ਤਿਆਗ ਵੀ ਨਹੀਂ ਕਰਦੇ, ਪੱਲੇ ਵੀ ਨਹੀਂ ਭਰਦੇ।

[ਬਾਕੀ ਸਫ਼ਾ ੨੭ ਦੇ ਹੇਠ]



www.AKJ.Org

# ਸ੍ਰੀ ਗੁਰੂ ਗ੍ਰੰਥ ਤੇ ਪੰਥ

## [ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੜ੍ਹਿਆ ਗਿਆ ਖੋਜ-ਪੱਤਰ ]

[ਵਲੋਂ—ਭਾਈ ਸਾਹਿਬ ਜੋਗਿੰਦਰ ਸਿੰਘ ਜੀ, ਤਲਵਾੜਾ]

**੧. ਸ੍ਰੀ ਗੁਰੂ ਗ੍ਰੰਥ ਸਾਹਿਬ—**

"ਗੁਰੂ" ਸ਼ਬਦ ਦਾ ਪ੍ਰਮਾਣੀਕ ਅਰਥ ਹੈ 'ਅੰਧੇਰੇ ਵਿਚ ਪ੍ਰਕਾਸ਼ ਕਰਨ ਵਾਲੀ ਸਤਿਆ'। ਅਧਿਆਤਮ ਮੰਡਲ ਵਿਚ ਮਨੁੱਖ ਨੂੰ 'ਅੰਨ੍ਹੇਰਾ' ਭਰਮ ਅਤੇ ਅਗਿਆਨਤਾ ਦਾ ਹੈ, ਜਿਸ ਨੂੰ ਦੂਰ ਕਰਨ ਲਈ ਗੁਰੂ ਹੀ ਸਮਰੱਥ ਹੈ। ਯਥਾ—

(ੳ) ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ, ਗੁਰ ਬਿਨੁ ਘੋਰ ਅੰਧਾਰ ॥ (ਆਸਾ ਦੀ ਵਾਰ

(ਅ) ਗੁਰ ਬਿਨੁ ਘੋਰੁ ਅੰਧਾਰੁ, ਗੁਰੂ ਬਿਨੁ ਸਮਝ ਨ ਆਵੈ ॥ ਗੁਰ ਬਿਨੁ ਸੁਰਤਿ ਨ ਸਿਧਿ, ਗੁਰੂ ਬਿਨੁ ਮੁਕਤਿ ਨ ਪਾਵੈ ॥ (੧੩੯੯)

(ੲ) ਪੂਰੈ ਗੁਰਿ ਮੇਟਿਓ ਭਰਮੁ ਅੰਧੇਰਾ ॥ (੬੧੫)

(ਸ) ਭਰਮ ਕੇ ਪਰਦੇ ਸਤਿਗੁਰ ਖੋਲੇ ॥ (੩੮੫)

੧.੧—ਗੁਰੂਆਂ-ਗੁਰੂ ਅਕਾਲ ਪੁਰਖ ਵਾਹਿਗੁਰੂ ਆਪ ਹੈ। ਸਿਖ ਧਰਮ ਵਿਚ "ਗੁਰੂ-ਪ੍ਰਣਾਲੀ" ਦਾ ਅਰੰਭ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੋਇਆ ਤੇ ਹਜ਼ੂਰ ਨੂੰ ਗੁਰੂ-ਪਦਵੀ ਪਾਰਬ੍ਰਹਮ ਪਰਮੇਸ਼ਰ ਜੀ ਤੋਂ ਮਿਲੀ, ਜਿਸ ਦੀ ਗਵਾਹੀ ਜਨਮਸਾਖੀ ਵਿਚੋਂ ਇਨ੍ਹਾਂ ਸ਼ਬਦਾਂ ਰਾਹੀਂ ਮਿਲਦੀ ਹੈ :—

"ਮੇਰਾ ਨਾਉ ਪਾਰਬ੍ਰਹਮ ਪਰਮੇਸ਼ਰ ਅਰ ਤੇਰਾ ਨਾਉ ਗੁਰ ਪਰਮੇਸ਼ਰ।"

ਗੁਰਬਾਣੀ ਵਿਚ ਭੱਟ ਇਸ ਨੂੰ ਇਉਂ ਬਿਆਨ ਕਰਦੇ ਹਨ—

ਆਪਿ ਨਰਾਇਣੁ ਕਲਾ ਧਾਰਿ, ਜਗ ਮਹਿ ਪਰਵਰਿਯਉ ॥ (੧੩੯੫)

ਇਸ ਸੰਬੰਧੀ ਹਜ਼ੂਰ ਦਾ ਆਪਣਾ ਬਚਨ ਗੁਰਬਾਣੀ ਵਿਚ ਇਉਂ ਹੈ—

ਅਪਰੰਪਰ ਪਾਰਬ੍ਰਹਮੁ ਪਰਮੇਸਰੁ, ਨਾਨਕ ਗੁਰੁ ਮਿਲਿਆ ਸੋਈ ਜੀਉ ॥ (ਸੋਰਠਿ ਮ: ੧, ਪੰਨਾ ੫੯੯

ਭਾਈ ਗੁਰਦਾਸ ਜੀ ਵੀ "ਜਗਤ ਗੁਰੂ ਗੁਰ ਨਾਨਕ ਦੇਓ" ਦੀ ਸਾਖ ਭਰਦੇ ਹਨ।

੧.੨—ਗੁਰੂ ਅੰਤਰ-ਆਤਮੇ ਅਕਾਲ ਪੁਰਖ ਨਾਲ ਅਭੇਦ ਹੈ ਤੇ ਇਸ ਲਈ ਗੁਰਬਾਣੀ ਦਾ ਫੁਰਮਾਨ ਹੈ—

(ੳ) ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥ (ਭੈਰਉ ਮਹਲਾ ੫, ੧੧੪੨

(ਅ) ਰਾਮ, ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥ (ਗਉੜੀ ਪੂਰਬੀ ਮਹਲਾ ੪, ਪੰਨਾ ੧੬੯

(ੲ) ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ, ਜੋ ਅੰਮ੍ਰਿਤ ਬਚਨ ਸੁਣਾਵੈ ॥ (ਮਲਾਰ ਮਹਲਾ ੪, ਪੰਨਾ ੧੨੬੪

(ਸ) ਸਤਿਗੁਰੁ ਪਰਮੇਸਰੁ ਮੇਰਾ ॥ ਅਨਿਕ ਰਾਜ ਭੋਗ ਰਸ ਮਾਣੀ, ਨਾਉ ਜਪੀ ਭਰਵਾਸਾ ਤੇਰਾ ॥ (ਰਾਮਕਲੀ ਮਹਲਾ ੫,ਪੰਨਾ ੮੮੪

---

[ਸਫਾ ੨੬ ਦੀ ਬਾਕੀ]

ਇਸ ਗਾਡੀ ਰਾਹ ਦੇ ਪੰਧਾਊ ਅੰਜਨ ਵਿਚ ਨਿਰੰਜਨ ਰਹਿੰਦੇ ਹਨ। ਮਾਇਆ ਵਿਚ ਰਹਿੰਦੇ ਹੋਏ ਮਾਇਆ ਦੀ ਮੈਲ਼ ਮਨਾਂ ਨੂੰ ਲਗਣ ਨਹੀਂ ਦਿੰਦੇ। ਪਾਰਬ੍ਰਹਮ ਨੂੰ ਧੰਦੇ ਧਾਂਵਦਿਆਂ ਹੋਇਆਂ ਵੀ ਸ਼ਬਦ ਦੀ ਜੁਗਤਿ ਨਾਲ ਭਾਲ ਲੈਂਦੇ ਹਨ।

ਸਾਹਿਬ ਨੇ ਲਿਵ ਤੇ ਧਾਤ ਦੋ ਰਾਹ ਚਲਾਏ ਹਨ। ਨਿਰੋਲ ਧਾਤ ਦੇ ਰਾਹ ਪੈ ਜਾਣ ਵਾਲਾ ਜੀਵ ਕੁਰਾਹੇ ਪੈ ਜਾਂਦਾ ਹੈ ਅਤੇ ਸਭ ਕੁਝ ਗੁਆ ਲੈਂਦਾ ਹੈ। ਪਰ ਲਿਵ ਦਾ ਮਾਰਗ ਅਖ਼ਤਿਆਰ ਕਰਨ ਵਾਲਾ ਚਰਨ ਕਮਲ ਕੀ ਮਉਜ ਵਿਚ ਵਿਗਸਦਾ ਹੋਇਆ ਅਸਲ ਮੰਜ਼ਲ ਤੇ ਆਪ-ਮੁਹਾਰੇ ਅਪੜ ਜਾਵੇਗਾ। ਉਹ ਬ੍ਰਹਮ ਗਿਆਨੀ ਹੋ ਨਿਬੜੇਗਾ। ਜਿਸ ਨੂੰ ਮਾਨ ਅਪਮਾਨ ਦੀ ਸੂਝ ਨਾ ਰਹੇਗੀ, ਜੋ ਹਰਖ ਸੋਗ ਤੋਂ ਅਤੀਤ ਹੋ ਜਾਵੇਗਾ। ਸੋਨਾ ਤੇ ਮਿੱਟੀ ਉਸ ਨੂੰ ਇਕ ਬਰਾਬਰ ਭਾਸਣਗੇ। ਸਭ ਵਿੱਥਾਂ ਮਿੱਟ ਜਾਣਗੀਆਂ। ★



www.AKJ.Org

ਅਕਾਲ ਪੁਰਖ ਦੀ ਚਲਾਈ ਇਹ "ਗੁਰ-ਪ੍ਰਣਾਲੀ" ਸਦੀਵੀ ਹੈ। "ਗੁਰੂ" ਸਰਬ-ਕਾਲ ਅਬਿਨਾਸੀ ਹੈ। ਗੁਰਵਾਕ—

ਸਤਿਗੁਰੁ ਮੇਰਾ ਸਦਾ ਸਦਾ, ਨਾ ਆਵੈ ਨ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ, ਸਭ ਮਹਿ ਰਹਿਆ ਸਮਾਇ ॥ (ਸੂਹੀ ਮ: ੪, ਪੰਨਾ ੭੫੯

ਸਿੱਧਾਂ ਦੇ ਸਵਾਲ ਦੇ ਉਤਰ ਵਿਚ "ਗੁਰੂ" ਦੀ ਵਿਆਖਿਆ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ—

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
(ਸਿਧ ਗੋਸਟਿ ਮਹਲਾ ੧

"ਸ਼ਬਦ-ਗੁਰੂ" ਦੇ ਸਿਧਾਂਤ ਬਾਰੇ ਗੁਰਬਾਣੀ ਵਿਚੋਂ ਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚੋਂ ਬੇਅੰਤ ਉਦਾਹਰਣਾ ਮਿਲਦੀਆਂ ਹਨ—

(ੳ) ਸਬਦੁ ਗੁਰ ਪੀਰਾ ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ ॥ (ਸੋਰਠ ਮਹਲਾ ੧, ਪੰਨਾ ੬੩੫

(ਅ) ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤ ਸਾਰੇ ॥ (ਨਟ ਮਹਲਾ ੪, ਪੰਨਾ ੯੮੨

(ੲ) ਸਬਦੁ ਗੁਰੂ ਗੁਰ ਜਾਣੀਐ, ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ ॥ (ਭਾਈ ਗੁਰਦਾਸ ਜੀ

(ਸ) ਗੁਰ ਮੂਰਤਿ ਗੁਰ ਸਬਦ ਹੈ, ਸਾਧ ਸੰਗਤਿ ਵਿਚ ਪ੍ਰਗਟੀ ਆਇਆ ॥ (ਭਾਈ ਗੁਰਦਾਸ ਜੀ

ਗੁਰੂ ਦੀ "ਸਬਦਿ-ਜੋਤਿ" ਅਮਰ ਹੈ ਤੇ ਇਕ-ਰਸ ਹੈ। ਇਸ ਵਿਚ ਕੋਈ ਤਬਦੀਲੀ ਨਹੀਂ ਵਾਪਰਦੀ। ਇਸ ਸਿਧਾਂਤ ਨੂੰ ਦ੍ਰਿੜ੍ਹ ਕਰਾਉਣ ਲਈ ਹੀ ਗੁਰੂ ਪਾਤਸ਼ਾਹ ਨੇ ਦਸ ਜਾਮੇ ਬਦਲੇ, ਤਾਂ ਜੁ ਗੁਰਸਿਖਾਂ ਨੂੰ ਗੁਰੂ ਦੇ "ਜੋਤਿ-ਰੂਪ" ਹੋਣ ਦੀ ਦ੍ਰਿੜ੍ਹਤਾ ਆ ਸਕੇ ਅਤੇ ਗੁਰੂ ਦੇ ਸਰੀਰਕ ਜਾਮਿਆਂ ਬਾਰੇ ਠੀਕ ਤੇ ਯਥਾਰਥ ਗਿਆਨ ਹੋ ਸਕੇ ਕਿ ਭਾਵੇਂ ਗੁਰੂ ਦੇ ਸਰੀਰਕ ਜਾਮਿਆਂ ਦਵਾਰਾ "ਗੁਰੂ-ਜੋਤਿ" ਦੇ ਕਈ ਕਲਾ-ਕ੍ਰਿਸ਼ਮਾਇਣੀ ਚੋਜ ਤੇ ਚਮਤਕਾਰ ਵਰਤੇ, ਜਿਨ੍ਹਾਂ ਦੁਆਰਾ ਅਨੇਕਾਂ ਜੀਵ ਵਿਸਮਾਦਤ ਹੋਏ ਪਰ ਗੁਰੂ ਦੇ ਸਰੀਰਕ ਜਾਮੇ ਗੁਰੂ ਜੋਤਿ ਦੇ ਪ੍ਰਗਟਾਅ ਅਤੇ ਗੁਰੂ-ਜੁਗਤਿ (ਮਰਯਾਦਾ) ਵਰਤਾਉਣ ਦਾ ਮਾਧਿਅਮ ਹੀ ਸਨ। ਸਮੇਂ ਸਮੇਂ ਗੁਰੂ ਦੇ ਸਰੀਰਕ ਜਾਮਿਆਂ ਵਿਚ ਭਾਵੇਂ ਤਬਦੀਲੀ ਵਾਪਰਦੀ ਰਹੀ, ਪਰ "ਗੁਰੂ-ਜੋਤਿ" ਅਤੇ "ਗੁਰੂ-ਜੁਗਤਿ" (ਨਾਮ-ਅੰਮ੍ਰਿਤ ਸਿੰਚਾਰਣ ਦੀ ਜੁਗਤੀ) ਸਦਾ ਇਕਸਾਰ ਹੀ ਰਹੀ। ਗੁਰੂ ਕੇ ਢਾਢੀ ਭਾਈ ਸਤਾ ਤੇ ਬਲਵੰਡ ਆਪਣੀ ਵਾਰ ਵਿਚ ਇਸ ਗੱਲ ਦੀ ਗਵਾਹੀ ਭਰਦੇ ਹਨ—

'ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥' [ਪੰਨਾ ੯੬੬

ਗੁਰੂ-ਜੋਤਿ ਵਖ ਵਖ ਜਾਮਿਆਂ ਰਾਹੀਂ "ਦੀਪਕ ਤੇ ਦੀਪਕ ਪ੍ਰਗਾਸਿਆ" ਵਾਲੀ ਕਲਾ ਵਰਤਾਉਂਦੀ ਚਲੀ ਆ ਰਹੀ ਸੀ। ਅਨਜਾਣ ਜਗਿਆਸੂਆਂ ਨੂੰ ਗੁਰੂ ਸ੍ਰੀਰਕ ਜਾਮਿਆਂ ਵਿਚ ਤਬਦੀਲੀ ਦੇ ਪੇਸ਼-ਨਜ਼ਰ ਕੁਝ ਟਪਲਾ ਲਗ ਰਿਹਾ ਸੀ। ਇਸ ਟਪਲੇ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੁਭਵ ਕੀਤਾ ਤੇ ਸਦਾ ਲਈ ਇਹ ਟਪਲਾ ਦੂਰ ਕਰਨ ਲਈ ਫੁਰਮਾਇਆ —

ਭਿੰਨ ਭਿੰਨ ਸਬਹੂੰ ਕਰ ਜਾਨਾ ॥
ਏਕ ਰੂਪ ਕਿਨਹੂੰ ਪਹਿਚਾਨਾ ॥
ਜਿਨ ਜਾਨਾ ਤਿਨਹੀ ਸਿਧਿ ਪਾਈ ॥
ਬਿਨ ਸਮਝੇ ਸਿਧਿ ਹਾਥਿ ਨ ਆਈ ॥
(ਬਚਿਤ੍ਰ ਨਾਟਕ

ਦਸ ਜਾਮੇ ਬਦਲਣ ਉਪਰੰਤ—ਦਸਮ-ਗੁਰੂ ਨਾਨਕ, ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ "ਗੁਰੂ-ਜੋਤਿ" ਨੂੰ ਪ੍ਰਥਮ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਲੂਲ ਕਰ ਦਿਤਾ ਅਤੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ-ਗਦੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਖ਼ਸ਼ੀ, ਜਿਸ ਦੀ ਗਵਾਹੀ ਸਿਖ ਇਤਿਹਾਸਕਾਰਾਂ ਤੋਂ ਛੁਟ ਅਨਮਤਾਂ ਦੇ ਇਤਿਹਾਸਕਾਰ ਵੀ ਭਰਦੇ ਹਨ।

ਇਸ ਤਰ੍ਹਾਂ "ਗੁਰੂ-ਪ੍ਰਣਾਲੀ" ਵਿਚ, ਗੁਰ-ਸ਼ਬਦ ਦੇ ਭੰਡਾਰ, ਬਾਣੀ ਦੇ ਬੋਹਿਥਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜੁਗੋ ਜੁਗ ਅਟੱਲ ਸੱਚੇ ਗੁਰਦੇਵ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਸਚੇ ਗੁਰਦੇਵ, ਸਾਹਿਬ ਸ੍ਰੀ ਗੁਰੂ ਗਰੰਥ ਜੀ ਦੇ ਹੁੰਦਿਆਂ ਅਜ ਏਨੇ ਅਖੌਤੀ ਤੇ ਡਿੰਭੀ ਗੁਰੂ ਕਿਉਂ ਪੈਦਾ ਹੋ ਗਏ ਹਨ। ਇਸ ਦਾ ਕਾਰਨ ਇਹੀ ਜਾਪਦਾ ਹੈ ਕਿ ਅਸੀਂ ਗੁਰੂ ਪਾਤਸ਼ਾਹ ਦੇ ਨਾਮ-


www.AKJ.Org

ਲੇਵਾ ਅਨਗਹਿਲੀ ਤੇ ਖ਼ੁਦਗਰਜ਼ੀ ਦੀ ਨੀਂਦਰੇ ਸੌਂ ਗਏ ਹਾਂ। ਸੰਸਾਰ ਦੇ ਮਨੁਖਾਂ ਦੀ ਵਡੀ ਗਿਣਤੀ ਮਾਦੀ ਸੁਖਾਂ ਦੇ ਛਿਨ-ਭੰਗਰੀ ਸੁਆਦ ਦੀ ਅਸਲੀਅਤ ਤੋਂ ਜਾਣੂ ਹੋ ਕੇ ਇਸ ਸਿਧਾਂਤ ਤੇ ਕਾਇਲ ਹੋ ਗਈ ਹੈ ਕਿ ਸਦੀਵੀ ਸੁਖ ਤੇ ਸ਼ਾਂਤੀ ਪ੍ਰਾਪਤ ਕਰਨ ਲਈ 'ਗੁਰੂ' ਦੀ ਅਵਸ਼ ਲੋੜ ਹੈ। ਸੰਸਾਰ ਇਸ ਮੰਤਵ ਦੀ ਪੂਰਤੀ ਲਈ ਗੁਰੂ ਦੀ ਭਾਲ ਵਿਚ ਹੈ; ਪਰ ਅਸੀਂ, ਜਿਨ੍ਹਾਂ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੇ, ਜੁਗੋ ਜੁਗ ਅਟਲ ਸਚੇ ਗੁਰਦੇਵ ਵਿਰਸੇ ਵਿਚ ਪ੍ਰਾਪਤ ਹੋਏ ਹਨ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨ ਦੀ ਤੁਫ਼ੈਲ ਮਾਣ ਤਾਣ ਤੇ ਐਸ਼ਵਰਜ ਸਭ ਕੁਝ ਪ੍ਰਾਪਤ ਕਰੀ ਬੈਠੇ ਹਾਂ, ਪਰ ਇਸ ਦੇ ਬਾਵਜੂਦ ਹਜ਼ੂਰ ਦੇ ਗੁਰੂ ਪਖ ਸਬੰਧੀ ਦ੍ਰਿੜ੍ਹਤਾ ਤੋਂ ਵਿਰਵੇ ਹੀ ਹਾਂ। ਖਿਮਾ ਕਰਨਾ, ਅਸੀਂ ਟਪਲੇ ਵਿਚ ਪਰਵਿਰਤ ਜਾਪਦੇ ਹਾਂ ਕਿ ਕੀ ਗ੍ਰੰਥ ਵਾਕਿਆ ਹੀ ਗੁਰੂ ਹੋ ਸਕਦਾ ਹੈ। ਜੇ ਟਪਲੇ ਵਿਚ ਨਹੀਂ ਹਾਂ ਤਾਂ ਅਸੀਂ ਇਹ ਦੇਖ ਕੇ ਕਿਵੇਂ ਸਹਾਰ ਰਹੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ੁਧ ਅਸ਼ੁਧ ਰੂਪ ਵਿਚ ਛਾਪ ਕੇ ਬੇਅਦਬ ਢੰਗ ਨਾਲ ਬਜ਼ਾਰਾਂ ਵਿਚ ਵੇਚਿਆ ਜਾ ਰਿਹਾ ਹੈ, ਫਿਰ ਹਜ਼ਾਰਾਂ ਦੀ ਗਿਣਤੀ ਵਿਚ ਲਿਖਤੀ ਬੀੜਾਂ, ਜਿਨ੍ਹਾਂ ਦੀ ਲਿਖਾਈ ਉਤੇ ਲਿਖਾਰੀ ਗੁਰਸਿਖਾਂ ਨੇ ਜੀਵਨ ਦੇ ਕਈ ਵਡਮੁਲੇ ਸਾਲ ਲਾਏ ਹੋਏ ਹਨ, ਤੇ ਜੋ ਕੌਮ ਦਾ ਵਡਮੁਲਾ ਖ਼ਜ਼ਾਨਾ ਹਨ, ਅਨਗਿਣਤ ਸਾਲਾਂ ਤੋਂ ਅਲਮਾਰੀਆਂ ਤੇ ਰੈਕਾਂ ਵਿਚ ਤਾੜੀਆਂ ਹੋਈਆਂ ਹਨ। ਉਹਨਾਂ ਦੀ ਕਿਸੇ ਨੇ ਸੁਰਤ ਸੰਭਾਲ ਨਹੀਂ ਕੀਤੀ, ਪੁਸ਼ਾਕੇ ਨਹੀਂ ਬਦਲੇ।

ਖ਼ਾਲਸਾ ਜੀ, ਜਦੋਂ ਸਾਨੂੰ ਅਖੌਤੀ ਨਾਮ-ਲੇਵਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਗੁਰੂ ਪੱਖ' ਦ੍ਰਿੜ੍ਹ ਹੋ ਗਿਆ, ਯਕੀਨ ਜਾਣੋ, ਸਾਡਾ ਆਪਾ ਜਗਮਗਾ ਉਠੇਗਾ ਤੇ ਸੰਸਾਰ ਵਿਚੋਂ ਭਰਮ ਅੰਨ੍ਹੇਰੇ ਦੀ ਸਫ਼ਾ ਵਲ੍ਹੇਟੀ ਜਾਵੇਗੀ। ਫਿਰ ਸੰਸਾਰ, ਜੋ ਅੱਖਾਂ ਟੱਡ ਟੱਡ ਕੇ ਗੁਰੂ ਕੀ ਭਾਲ ਵਿਚ ਵਿਚਰ ਰਿਹਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚਰਨੀਂ ਆ ਲਗੇਗਾ ਤੇ ਅਖੌਤੀ ਗੁਰੂ ਸਾਰੇ ਹੀ ਟਿੰਡ ਫ਼ੂਹੜੀ ਵਲ੍ਹੇਟ ਕੇ ਪਤਰਾ ਵਾਚ ਜਾਣਗੇ। ਸੋ ਲੋੜ ਹੈ ਸਾਡੇ ਗੁਰੂ ਨਾਲ ਇਕ-ਸੁਰ ਹੋਣ ਦੀ।

## ੨. ਗੁਰੂ ਪੰਥ—

ਚੂੰਕਿ "ਇਕ-ਪੁਰਖਾ" ਗੁਰੂ ਦੀ ਪ੍ਰਥਾ ਸਮਾਪਤ ਕਰ ਦਿਤੀ ਗਈ ਅਤੇ ਗੁਰਤਾ ਦਾ ਟਿੱਕਾ ਸ਼ਬਦ-ਬ੍ਰਹਮ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਿਤਾ ਗਿਆ, ਗੁਰੂ-ਸ਼ਬਦ ਦੇ ਪਰਸਾਰ ਲਈ, ਰਹਿਤਵਾਨ, ਤਿਆਰ-ਬਰ-ਤਿਆਰ, ਗੁਰੂ-ਜੋਤਿ ਨਾਲ ਇਕ-ਸੁਰ ਹੋਏ ਪੰਜ ਪਿਆਰਿਆਂ ਅਤੇ ਅਜਿਹੇ ਪੰਜਾਂ ਦੇ ਪੁੰਜ, ਸਰਬੱਤ ਖਾਲਸਾ ਜੀ ਨੂੰ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ (ਬਾਣੀ ਗੁਰੂ ਵਿਚ ਨਿਰੂਪਣ ਕੀਤੇ ਸਿਧਾਂਤਾਂ ਦੀ ਰੌਸ਼ਨੀ ਵਿਚ) ਜੁਗਤਿ ਵਰਤਾਉਣ ਦਾ ਅਧਿਕਾਰ ਦਿਤਾ ਗਿਆ। ਪ੍ਰਥਮ ਕਾਲ ਵਿਚ ਜਿਵੇਂ ਗੁਰੂ-ਜੋਤਿ, ਗੁਰੂ ਦੇ ਸਰੀਰਕ ਜਾਮਿਆਂ ਦੁਆਰਾ ਪ੍ਰਤਿਬਿੰਬਤ ਹੁੰਦੀ ਰਹੀ, ਹੁਣ ਉਹ "ਗੁਰੂ-ਜੋਤਿ" ਉਸੇ ਤਰ੍ਹਾਂ ਹੀ ਪੰਥ ਰਾਹੀਂ ਪ੍ਰਕਾਸ਼ਦੀ ਹੈ ਤੇ ਏਵੇਂ ਹੀ ਸਦੀਵਕਾਲ ਪ੍ਰਕਾਸ਼ਦੀ ਰਹੇਗੀ।

'ਗੁਰੂ-ਜਾਮੇ' ਬਦਲਦੇ ਰਹੇ, ਪਰ "ਗੁਰੂ-ਜੋਤਿ" ਤੇ ਗੁਰੂ-ਜੁਗਤਿ' (ਨਾਮ-ਅੰਮ੍ਰਿਤ ਸਿੰਚਾਰਣ ਦੀ ਜੁਗਤੀ) ਇਕਸਾਰ ਰਹੀ। ਏਵੇਂ ਹੀ ਪੰਥ ਦੇ ਵਖ ਵਖ ਵਿਅੱਕਤੀਆਂ ਵਿਚ ਭਾਵੇਂ ਤਬਦੀਲੀ ਆਉਂਦੀ ਰਹੇਗੀ, ਪਰ 'ਗੁਰੂ-ਸ਼ਬਦ' ਤੇ 'ਗੁਰੂ-ਜੁਗਤਿ' ਅਟੱਲ ਰਹਿਣਗੇ।

## ੩. ਪੰਥ ਕੀ ਹੈ—

ਪੰਥ ਨਾਂ ਹੈ ਰਸਤੇ ਦਾ। ਗੁਰਬਾਣੀ ਦੁਆਰਾ ਜੋ ਜੀਵਨ ਦਾ ਰਾਹ ਉਲੀਕਿਆ ਗਿਆ ਹੈ ਉਸਦੇ ਧਾਰਨੀਆਂ ਦੇ ਸਮੂਹ ਨੂੰ ਸਿਖ ਧਰਮ ਦੀ ਪ੍ਰੀਭਾਸ਼ਾ ਵਿਚ 'ਪੰਥ' ਕਿਹਾ ਜਾਂਦਾ ਹੈ। ਗੁਰਮਤਿ ਅਨੁਸਾਰ "ਪਰਮਾਰਥ ਜੀਵਨ" ਦਾ ਮੁਢਲਾ ਅਸੂਲ ਹੈ ਗੁਰੂ ਧਾਰਨ ਕਰਨਾ, ਤੇ ਫਿਰ ਗੁਰੂ ਦੇ ਦਸੇ ਹੋਇ ਰਾਹ ਤੇ ਤੁਰਨਾ। ਯਥਾ—

ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ ॥
ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ ॥
(ਬਿਹਾਗੜੇ ਕੀ ਵਾਰ, ਮ: ੩, ੫੫੪

ਜਿੰਨੀ ਦੇਰ ਤਕ ਕੋਈ ਗੁਰੂ ਧਾਰਨ ਕਰਨ ਦੇ ਮੁਢਲੇ ਬੁਨਿਆਦੀ ਅਸੂਲ ਦਾ ਧਾਰਨੀ ਨਹੀਂ ਹੁੰਦਾ ਉਨੀ ਦੇਰ ਤਕ ਉਸ ਤੋਂ ਉਹ ਆਸ ਰਖਣੀ ਕਿ ਉਹ ਗੁਰੂ ਦੇ ਦਸੇ ਉਪਦੇਸ਼ਾਂ ਨੂੰ ਜੀਵਨ ਪ੍ਰਯੰਤ ਨਿਭਾਉਣ ਲਈ ਤੱਤਪਰ


www.AKJ.Org

ਰਹੇਗਾ, ਨਿਰਮੂਲ ਹੈ। ਨਿਸਚਿਤ ਮਰਯਾਦਾ ਅਨੁਸਾਰ ਗੁਰੂ ਧਾਰਨ ਕੀਤੇ ਬਗ਼ੈਰ, ਮਨੁੱਖ ਨੂੰ ਗੁਰਬਾਣੀ ਵਿਚ ਨਿਗੁਰਾ ਕਿਹਾ ਗਿਆ ਹੈ ਅਤੇ ਇਹ ਵੀ ਫ਼ਤਵਾ ਦਿਤਾ ਗਿਆ ਹੈ ਕਿ ਨਿਗੁਰੇ ਦਾ ਨਾਂ ਹੀ ਮਨਹੂਸ ਹੈ। ਯਥਾ ਗੁਰਵਾਕ—

ੳ) ਝਝਾ ਕਦੇ ਨ ਝੂਰਹਿ ਮੂੜੇ, ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ ॥ ਸਤਿਗੁਰ ਬਾਝਹੁ ਗੁਰੁ ਨਹੀ ਕੋਈ, ਨਿਗੁਰੇ ਕਾ ਹੈ ਨਾਉ ਬੁਰਾ ॥੧੩॥

[ਆਸਾ ਮ: ੩ ਪਟੀ, ੪੩੫

ਅ) ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ, ਧ੍ਰਿਗੰਤ ਜਨਮ ਭ੍ਰਸਟਣਹ ॥ ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੩॥

[ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੫

ਸਿਖ ਧਰਮ ਦੀ ਮਰਯਾਦਾ ਅਨੁਸਾਰ ਗੁਰੂ ਧਾਰਨ ਲਈ, ਗੁਰੂ ਤੋਂ ਪਾਹੁਲ ਲੈਣੀ ਜ਼ਰੂਰੀ ਹੈ। ਗੁਰਬਾਣੀ ਦਾ ਫ਼ੁਰਮਾਨ ਹੈ :—

ਜਿਸੁ ਜਲਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥ ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥

ਰਹਿਤਨਾਮੇ ਦਾ ਵੀ ਫ਼ੁਰਮਾਨ ਹੈ—

ਧਰੇ ਕੇਸ ਪਾਹੁਲ ਬਿਨਾ, ਭੇਖੀ ਮੂਰਖ ਸਿਖ ॥

ਪਰਚਲਤ ਮਰਯਾਦਾ ਅਨੁਸਾਰ ਪਾਹੁਲ ਦੀ ਪ੍ਰਾਪਤੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪੰਜ ਪਿਆਰਿਆਂ ਦੀ ਰਾਹੀਂ ਹੁੰਦੀ ਹੈ ਅਤੇ ਨਾਮ ਗੁਰਮੰਤਰ ਦੀ ਪ੍ਰਾਪਤੀ ਕੀਤੇ ਮਗਰੋਂ ਹੀ ਕੋਈ ਗੁਰੂ ਵਾਲਾ ਅਖਵਾ ਸਕਦਾ ਹੈ। ਅੱਜ ਕਲ੍ਹ ਦੇ ਢੁੱਚਰ-ਪੰਥੀਏ ਮਨੁੱਖ ਇਹ ਆਖਦੇ ਹਨ ਕਿ ਅੰਮ੍ਰਿਤ ਛਕਣ ਦੀ ਕੀ ਲੋੜ ਹੈ, ਅਮਲ ਚੰਗੇ ਹੋਣੇ ਚਾਹੀਦੇ ਹਨ। ਚੰਗੇ ਕਰਮਾਂ ਦਾ ਨਿਰਣਾ ਵੀ ਅਜਿਹੇ ਮਨੁੱਖਾਂ ਦਾ ਆਪਣਾ ਹੀ ਹੁੰਦਾ ਹੈ, ਅਤੇ ਉਹਨਾਂ ਦਾ ਹਰੇਕ ਨਿਜੀ ਅਨੁਮਾਨਿਆ ਹੋਇਆ ਚੰਗਾ ਕਰਮ ਹਉਮੈ ਤੇ ਨਿਜ-ਸਵਾਰਥ ਦੇ ਗਿਰਦ ਹੀ ਭੌਂਦਾ ਹੈ। ਉਹ ਪੁੰਨ, ਦਾਨ, ਸੰਜਮ ਤੇ ਲੋਕ-ਸੇਵਾ ਆਦਿ ਅਨੇਕ ਕਰਮ ਕਰਦੇ ਹਨ, ਪਰ ਹਉ-ਗ੍ਰਸੀ ਬਿਰਤੀ ਵਿਚ। ਨਤੀਜਾ ਇਹ ਹੁੰਦਾ ਹੈ ਕਿ ਜੀਵਨ ਦਾ ਸੰਵਰਦਾ ਕੁਝ ਵੀ ਨਹੀਂ, ਸਗੋਂ ਅਜਾਈਂ ਹੀ ਹਉਮੈ ਵਿਚ ਆਫਰੇ ਫਿਰਦੇ ਹਨ ਅਤੇ ਮਕੜੀ ਵਾਂਗ ਆਪਣੇ ਗਿਰਦ ਆਪ ਹੀ ਜਾਲਾ ਤਣ ਕੇ ਵਿਚ ਕੈਦ ਹੋ ਜਾਂਦੇ ਹਨ। ਮਿਸਾਲ ਵਜੋਂ ਜੇ ਕੋਈ ਮਨੁੱਖ ਮਿਠ-ਬੋਲੜਾ ਵੀ ਹੈ, ਸਮਾਜ-ਸੇਵਾ ਵੀ ਕਰਦਾ ਹੈ, ਪੁੰਨ ਦਾਨ ਵੀ ਕਰਦਾ ਹੈ, ਪਰ ਕੁਚੇਸਟਾ ਤੇ ਕੁਰੱਸਾਂ ਵਿਚ ਉਲਝਿਆ ਹੋਇਆ ਹੈ ਜਾਂ ਬਦਚਲਨ ਹੈ ਤਾਂ ਉਸ ਨੂੰ ਸਰੇਸ਼ਟ ਪੁਰਸ਼ ਕਿਵੇਂ ਕਿਹਾ ਜਾ ਸਕਦਾ ਹੈ ? ਮਨ ਦੀ ਮਤਿ ਪਿਛੇ ਤੁਰਨ ਵਾਲੇ ਆਪ-ਹੁਦਰੇ ਮਨਮੁਖਾਂ ਨੂੰ ਗੁਰਬਾਣੀ ਵਿਚ ਦੁਹਾਗਣਿ ਇਸਤਰੀ ਨਾਲ ਤੁਲਨਾ ਦਿਤੀ ਗਈ ਹੈ :—

ਸੂਹੇ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥ ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ ॥ ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਭਤਾਰੁ ॥ ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ ॥

[ਸਲੋਕ ਮ: ੩, ਵਾਰ ਸੂਹੀ

ਸਤਿਗੁਰੂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਪਿਛੋਂ ਹੀ ਬੁਧਿ ਬਦਲਦੀ ਹੈ। ਬੁਧਿ ਪਲਟਣ ਨਾਲ ਹੀ ਚੰਗੇ ਮਾੜੇ ਦੀ ਸੋਝੀ ਆਉਂਦੀ ਹੈ। ਗੁਰਵਾਕ—

ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥ ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥ ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ ॥ [ਸੂਹੀ ਮ: ੧, ਪੰਨਾ ੭੩੦

"ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ" ਦੀ ਨਵੀਂ ਘਾੜਤ ਗੁਰੂ ਤੋਂ ਅੰਮ੍ਰਿਤ-ਦਾਤ ਪ੍ਰਾਪਤ ਕਰਨ ਪਿਛੋਂ ਹੀ ਘੜੀ ਜਾਣੀ ਹੈ।

ਮਨੋ-ਕਲਪਤ ਤੇ ਅਖੌਤੀ ਚੰਗੇ ਕਰਮਾਂ ਦੇ ਮੁਦਈ ਮਨੁੱਖ ਦੇ, ਜਿਹੜਾ ਗੁਰੂ ਧਾਰਨ ਤੋਂ ਸੰਕੋਚ ਕਰਦਾ ਹੈ ਜਾਂ ਇਸ ਸਿਧਾਂਤ ਦਾ ਕਾਇਲ ਨਹੀਂ, ਸਭ ਕਰਮ ਮਨਮੁਖੀ ਕਰਮ ਹਨ ਤੇ ਨਿਸਫਲ ਹਨ। ਗੁਰਬਾਣੀ ਦਾ ਫ਼ੁਰਮਾਨ ਹੈ—

ੳ) ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ, ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥ ਹਉਮੈ ਮਾਇਆ ਰੋਗਿ ਵਿਆਪੇ, ਮਰਿ ਜਨਮਹਿ ਦੁਖੁ ਹੋਈ ਰਾਮ ॥

[ਸੂਹੀ ਮਹਲਾ ੩, ਪੰਨਾ ੭੬੯



www.AKJ.Org

ਅ) ਜਗਿ ਹਉਮੈ ਮੈਲੁ ਦੁਖੁ ਪਾਇਆ, ਮਲੁ ਲਾਗੀ ਦੂਜੈ ਭਾਇ ॥ ਮਲੁ ਹਉਮੈ ਧੋਤੀ ਕਿਵੈ ਨ ਉਤਰੈ, ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ, ਦੂਣੀ ਮਲੁ ਲਾਗੀ ਆਇ ॥ ਪੜਿਐ ਮੈਲੁ ਨ ਉਤਰੈ, ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ ਮਨਮੁਖ ਹਰਿ ਹਰਿ ਕਰਿ ਥਕੇ, ਮੈਲੁ ਨ ਸਕੀ ਧੋਇ ॥੧॥ਰਹਾਉ॥

[ਸਿਰੀ ਰਾਗੁ ਮਹਲਾ ੩, ਪੰਨਾ ੩੯

ੲ) ਕਰਮੀ ਸਹਜੁ ਨ ਊਪਜੈ, ਵਿਣੁ ਸਹਜੈ ਸਹਸਾ ਨ ਜਾਇ ॥ ਨਹ ਜਾਇ ਸਹਸਾ ਕਿਤੈ ਸੰਜਮਿ, ਰਹੇ ਕਰਮ ਕਮਾਏ ॥...... ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ, ਇਹੁ ਸਹਸਾ ਇਵ ਜਾਇ ॥੧੮॥ [ਅਨੰਦੁ ਸਾਹਿਬ, ਪੰਨਾ ੯੧੯

ਸ) ਬਾਝੁ ਗੁਰੂ ਗੁਬਾਰਾ ॥ ਮਿਲਿ ਸਤਿਗੁਰ ਨਿਸਤਾਰਾ ॥੨॥ ਹਉ ਹਉ ਕਰਮ ਕਮਾਣੇ ॥ ਤੇਤੇ ਬੰਧ ਗਲਾਣੇ ॥ ਮੇਰੀ ਮੇਰੀ ਧਾਰੀ ॥ ਓਹਾ ਪੈਰਿ ਲੋਹਾਰੀ ॥ ਸੋ ਗੁਰ ਮਿਲਿ ਏਕੁ ਪਛਾਣੈ ॥ ਜਿਸੁ ਹੋਵੈ ਭਾਗੁ ਮਥਾਣੈ ॥੩॥

[ਮਾਰੂ ਮਹਲਾ ੫, ਪੰਨਾ ੧੦੦੪

ਸੰਸਾਰ ਵਿਚ ਕਾਮਾਦਿਕ ਵਿਕਾਰਾਂ ਦੇ ਹਲਿਆਂ ਤੋਂ ਬਚਣ ਲਈ ਇਕੋ, ਤੇ ਕੇਵਲ ਇਕੋ ਇਕ ਰਾਹ ਹੈ ਗੁਰੂ ਦੀ ਸ਼ਰਨ ਵਿਚ ਆਉਣਾ, ਨਾਮ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨਾ ਅਤੇ ਨਾਮ ਅਭਿਆਸ ਦੀ ਬਰਕਤ ਦੁਆਰਾ ਨਿਰਮਲ ਕਰਮ ਕਰ ਕੇ ਸੁਰਖਰੂਈ ਨਾਲ ਜੀਵਨ ਬਤੀਤ ਕਰਨਾ। ਗੁਰੂ ਦਾ ਆਸਰਾ ਤਕਣ ਨਾਲ, ਗੁਰੂ ਦੀ ਓਟ ਲੈਣ ਦਾ ਸਦਕਾ "ਅਕਹੁ ਪਰਮਲ" ਤੇ "ਕਾਗਹੁ ਹੰਸ" ਹੋਣ ਦੀ ਪਾਰਸ ਕਲਾ ਵਰਤਦੀ ਹੈ, ਜਿਸ ਬਾਰੇ ਗੁਰਬਾਣੀ ਵਿਚ ਸੰਕੇਤ ਇਉਂ ਹੈ :—

ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥ ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥ ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥ ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ॥ ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦ੍ਰਿਦ੍ਰ ਤਿਨ ਕੇ ਗਇਅ ॥ ਸਤਿਗੁਰੂ ਚਰਨ ਜਿਨ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ ॥

[ਸਵਯੇ ਮਹਲੇ ੪ ਕੇ, ੧੩੯੯

ਉਪਰੋਕਤ ਵਿਚਾਰ ਦਾ ਸਿੱਟਾ ਇਹ ਹੈ—

ੳ) ਗੁਰੂ ਧਾਰਨ ਕਰਨਾ ਅਤੇ ਗੁਰੂ ਧਾਰਨ ਕਰਨ ਲਈ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਹਰ ਸਿਖ ਲਈ ਜ਼ਰੂਰੀ ਹੈ। ਇਸ ਤੋਂ ਕਿਸੇ ਨੂੰ ਅਤੇ ਕਿਸੇ ਹਾਲਤ ਵਿਚ ਵੀ ਮੁਆਫ਼ੀ ਨਹੀਂ।

ਅ) ਅੰਮ੍ਰਿਤਧਾਰੀ, ਤਿਆਰ ਬਰ-ਤਿਆਰ, ਗੁਰਮਤਿ ਰਹਿਤ ਰਹਿਣੀਏ ਅਤੇ ਸੁਛ ਜੀਵਨ ਵਾਲੇ ਗੁਰਸਿਖਾਂ ਦੇ ਸਮੂਹ ਦਾ ਨਾਮ ਹੀ ਪੰਥ ਅਰਥਾਤ ਖ਼ਾਲਸਾ ਹੈ। ਓਹ ਪੰਥ, ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਜਗਿਆਸੂਆਂ ਪ੍ਰਤੀ ਵਾਹਿਗੁਰੂ ਨਾਲ ਅਭੇਦਤਾ ਦੀ ਜੁਗਤੀ ਵਰਤਾਉਣ ਦਾ ਅਧਿਕਾਰ ਹੈ, ਉਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਹੋਣਾ, ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰੂਪਣ ਕੀਤੇ ਸਿਧਾਂਤਾਂ ਅਨੁਸਾਰ ਜੀਵਨ ਦਾ ਧਾਰਨੀ ਹੋਣਾ ਮੁਢਲੀ ਸ਼ਰਤ ਹੈ। ਤੇ ਇਸ ਸ਼ਰਤ ਵਿਚ ਪੂਰੇ ਉਤਰਨ ਮਗਰੋਂ ਹੀ ਪੰਥ ਗੁਰੂ ਕੀ ਪਰਤੀਤਿ ਦਾ ਪਾਤਰ ਹੋ ਸਕਦਾ ਹੈ।

ਵੋਟ-ਪ੍ਰਾਪਤੀ ਕਰਨ ਲਈ ਪੰਥ ਦੀ ਭਾਵੇਂ ਕੋਈ ਪ੍ਰੀਭਾਸ਼ਾ ਕਲਪ ਲਈ ਜਾਵੇ, ਪਰ ਗੁਰਬਾਣੀ, ਗੁਰਮਤਿ ਅਤੇ ਸਿਖ ਇਤਿਹਾਸ ਦੀ ਰੌਸ਼ਨੀ ਵਿਚ ਖ਼ਾਲਸਾ ਪੰਥ ਦੀ ਪ੍ਰੀਭਾਸ਼ਾ ਕੇਵਲ ਇਕੋ ਇਕ ਹੀ ਹੈ ਕਿ "ਖ਼ਾਲਸਾ-ਪੰਥ ਨਾਂ ਹੈ ਅੰਮ੍ਰਿਤਧਾਰੀ, ਤਿਆਰ-ਬਰ-ਤਿਆਰ, ਰਹਿਤ-ਬਹਿਤ ਵਿਚ ਪਰਪੱਕ ਰਹਿ ਕੇ ਸੁਛ ਤੇ ਧਰਮੀ ਜੀਵਨ ਬਤੀਤ ਕਰਨ ਵਾਲੇ ਅਤੇ ਅਜਿਹੀ ਜੀਵਨ-ਜਾਚ ਦੀ ਪ੍ਰੇਰਨਾ ਦੇਣ ਵਾਲੇ ਸਰਬੱਤ ਗੁਰਸਿਖ ਮਰਜੀਵੜਿਆਂ ਦੇ ਸਮੂਹ ਦਾ।"

## ਸ੍ਰੀ ਗੁਰੂ ਗ੍ਰੰਥ ਤੇ ਪੰਥ—

ਜਿਹਾ ਕਿ ਉਪਰ ਵਰਨਣ ਕੀਤਾ ਹੈ, ਜੋਤੀ ਜੋਤਿ ਸਮਾਵਣ ਦਾ ਚਲਿਤਰ ਵਰਤਾਉਣ ਸਮੇਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ ਦਾ ਟਿੱਕਾ, ਸਾਹਿਬ ਸ੍ਰੀ ਗੁਰੂ


www.AKJ.Org

ਗ੍ਰੰਥ ਸਾਹਿਬ ਜੀ ਨੂੰ ਦਿਤਾ ਅਤੇ ਪੰਥ ਨੂੰ ਹਜ਼ੂਰ ਦੀ ਤਾਬਿਆ ਵਿਚ ਰਹਿ ਕੇ ਵਾਹਿਗੁਰੂ ਨਾਲ ਅਭੇਦਤਾ ਪ੍ਰਾਪਤੀ ਲਈ ਨਾਮ-ਅੰਮ੍ਰਿਤ ਵਰਤਾਉਣ ਦਾ ਅਧਿਕਾਰ ਬਖ਼ਸ਼ਿਆ। ਗੁਰੂ ਗ੍ਰੰਥ ਅਤੇ ਪੰਥ ਦਾ ਸੰਬੰਧ ਆਤਮਾ ਤੇ ਸਰੀਰ ਦੀ ਨਿਆਈਂ ਹੀ ਹੈ। ਸਰੀਰ ਦੀ ਹੋਂਦ ਆਤਮਾ ਨਾਲ ਹੀ ਹੈ ਅਤੇ ਆਤਮਾ ਦੇ ਪਰਕਿਰਤੀ ਦੇ ਸੰਬੰਧ ਵਿਚ ਕਰਤੱਵ (Function) ਕਰਨ ਲਈ ਸਰੀਰਕ ਚੋਲਾ ਵੀ ਪਰਮ ਜ਼ਰੂਰੀ ਹੈ; ਪਰ ਦੋਹਾਂ ਵਿਚੋਂ ਪ੍ਰਧਾਨਤਾ ਆਤਮਾ ਦੀ ਹੈ। ਸਰੀਰ ਦੀ ਅਣਹੋਂਦ ਤੋਂ ਪਹਿਲਾਂ ਤੇ ਮਗਰੋਂ ਵੀ ਆਤਮਾ ਇਕਸਾਰ ਅਤੇ ਇਕ ਰਸ ਹੀ ਰਹਿੰਦੀ ਹੈ। "ਗੁਰੂ" ਪੰਥ ਦਾ ਸਾਜਨਹਾਰ ਹੈ ਅਤੇ ਗੁਰੂ "ਗੁਰੂ ਗ੍ਰੰਥ ਜੀ" ਹੀ ਹਨ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ (ਸਿਧਾਂਤਾਂ ਦੀ ਰੌਸ਼ਨੀ) ਵਿਚ ਜਦੋਂ ਪੰਥ ਪੰਚ-ਪਰਧਾਨੀ ਜਾਂ ਸਮੁਚੇ ਰੂਪ ਵਿਚ ਵਿਚਰਦਾ ਹੈ ਤਾਂ ਇਸ ਨੂੰ "ਗੁਰੂ-ਪੰਥ" ਦੀ ਪਦਵੀ ਸੁਤੇ ਹੀ ਪ੍ਰਾਪਤ ਹੁੰਦੀ ਹੈ। "ਸ੍ਰੀ ਗੁਰੂ ਗ੍ਰੰਥ" ਤੇ "ਗੁਰੂ ਪੰਥ" ਦੀ ਸਾਂਝ ਆਤਮਾ ਤੇ ਸਰੀਰ ਵਾਲੀ ਹੈ, ਜੋ ਅਨਿਖੜਵੀਂ ਅਤੇ ਸਦੀਵੀ ਹੈ, ਪਰ ਸ਼ਰਤ ਇਹੋ ਹੈ ਕਿ ਪੰਥ ਹਜ਼ੂਰ ਦੀ ਤਾਬਿਆ ਵਿਚ ਵਿਚਰੇ।

ਸਵਾਲ ਪੈਦਾ ਹੁੰਦਾ ਹੈ ਕਿ ਇਹ ਕਿਵੇਂ ਪਤਾ ਲਗੇ ਕਿ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਕਿਸ ਹਦ ਤਕ ਵਿਚਰ ਰਿਹਾ ਹੈ? ਇਸ ਸਬੰਧੀ ਕੁਝ ਮੋਟੀਆਂ ਮੋਟੀਆਂ ਨਿਸ਼ਾਨੀਆਂ ਇਹ ਹਨ, ਜਿਨ੍ਹਾਂ ਦੀ ਟੋਹ ਲੈ ਕੇ ਇਸ ਬਾਰੇ ਨਿਰਣਾ ਕਰਨ ਦਾ ਯਤਨ ਕੀਤਾ ਜਾ ਸਕਦਾ ਹੈ –

(੧) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਟਿੱਕਿਆ ਤੇ ਗੁਰ-ਗਦੀ ਤੇ ਬਰਾਜਮਾਨ ਕੀਤਾ। ਹੁਣ ਉਹ ਪੰਜੇ ਤਖ਼ਤ ਜਿਨ੍ਹਾਂ ਉਤੇ ਕਦੀ ਸਤਿਗੁਰੂ ਸਾਹਿਬਾਨ ਗੁਰੂ ਜਾਮਿਆਂ ਵਿਚ ਸਜ ਕੇ ਸੰਗਤ ਨੂੰ ਦੀਦਾਰੇ ਬਖ਼ਸ਼ਦੇ ਹੁੰਦੇ ਸੀ, ਉਹਨਾਂ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਸ਼ੋਭਤ ਕੀਤੇ ਜਾਣੇ ਚਾਹੀਦੇ ਹਨ। ਓਥੇ ਅਜੇ ਤਕ ਗੁਰੂ ਕੇ ਸ਼ਸਤਰਾਂ ਨੂੰ ਤਾਂ ਭਾਵੇਂ ਥਾਂ ਦਿਤੀ ਗਈ ਹੈ, ਪਰ ਸ਼ਸਤਰਾਂ ਵਾਲੇ ਅਤੇ ਤਖ਼ਤ ਚੌਰ ਦੇ ਮਾਲਿਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਤਖ਼ਤਾਂ ਉਤੇ ਅਜੇ ਤਕ ਸਸ਼ੋਭਤ ਨਹੀਂ ਕੀਤਾ ਗਿਆ। ਇਸ ਵਿਚ ਕੀ ਰੁਕਾਵਟ ਹੈ, ਇਹ ਪੰਥ ਜਾਣੇ?

(੨) ਗੁਰੂ ਦੇ ਸਰੂਪ ਜਾਂ ਸਰੂਪਾਂ ਦਾ ਬਜ਼ਾਰਾਂ ਵਿਚ ਵੇਚੇ ਜਾਣਾ ਤੇ ਮਨ ਮਰਜ਼ੀ ਨਾਲ ਸ਼ੁਧ ਅਸ਼ੁਧ ਰੂਪ ਵਿਚ ਛਾਪਿਆ ਜਾਣਾ, ਪੰਥ ਲਈ ਨਮੋਸ਼ੀ ਦਾ ਕਾਰਨ ਹੈ। ਇਸ ਵਿਕਰੀ ਨੂੰ ਕਿਵੇਂ ਸੰਪੂਰਨ ਤੌਰ ਤੇ ਬੰਦ ਕਰਨਾ ਹੈ, ਇਹ ਪੰਥ ਨੂੰ ਸੋਚਣ ਵਿਚਾਰਨ ਦੀ ਲੋੜ ਹੈ।

(੩) ਸਾਡੀ ਸਿਫਤ-ਸਲਾਹ ਨਾਲ ਅਕਾਲ ਪੁਰਖ ਨਾ ਵੱਡਾ ਹੋ ਜਾਂਦਾ ਹੈ ਅਤੇ ਨਾ ਸਾਡੇ ਸਿਫਤ-ਸਲਾਹ ਨਾ ਕਰਨ ਨਾਲ ਉਸ ਵਿਚ ਕੋਈ ਘਾਟ ਵਾਪਰਦੀ ਹੈ। ਗੁਰਵਾਕ –

ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ
ਘਾਟਿ ਨ ਜਾਇ ॥ [ਆਸਾ ਮ: ੧, ਰਹਰਾਸਿ

ਇਸੇ ਤਰ੍ਹਾਂ ਸਤਿਗੁਰੂ ਦਾ ਸਤਿਕਾਰ ਕਰਨ ਨਾਲ ਜਾਂ ਨਾ ਕਰਨ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੋਈ ਫ਼ਰਕ ਨਹੀਂ ਪੈਂਦਾ, ਪਰ ਜਿਵੇਂ ਆਪਣੇ ਵਿਚ ਦੈਵੀ-ਗੁਣ ਪੈਦਾ ਕਰਨ ਲਈ ਅਕਾਲ ਪੁਰਖ ਦੀ ਸਿਫ਼ਤ-ਸਲਾਹ ਕਰਨੀ ਲਾਜ਼ਮੀ ਹੈ, ਇਵੇਂ ਹੀ ਖੁਟਹਰ ਮਨ ਵਿਚ ਭੈ-ਭਾਵਨੀ ਵਸਾਉਣ ਲਈ ਤੇ ਗੁਰ-ਉਪਦੇਸ਼ਾਂ ਦਾ ਵਾਸਾ ਕਰਾਉਣ ਲਈ ਗੁਰੂ ਦਾ ਸਤਿਕਾਰ ਕਰਨਾ ਅਤੀ ਜ਼ਰੂਰੀ ਹੈ। ਇਹ ਸਤਿਕਾਰ ਕਰਨਾ ਗੁਰੂ ਲਈ ਨਹੀਂ, ਸਗੋਂ ਸਾਡੇ ਆਪਣੇ ਲਈ ਲਾਭਦਾਇਕ ਹੈ। ਗੁਰੂ-ਸਤਿਕਾਰ ਦੇ ਕਈ ਪੱਖ ਹਨ। ਜਿਵੇਂ –

(ੳ) ਗੁਰੂ-ਉਪਦੇਸ਼ ਨੂੰ ਹਿਰਦੇ ਵਿਚ ਧਾਰਨ ਕਰ ਕੇ ਕਥਾ ਕੀਰਤਨ ਰਾਹੀਂ ਗੁਰਮਤਿ ਦੇ ਪਰਸਾਰ ਲਈ ਨਿਸ਼ਕਾਮ ਤੇ ਨਿਰਲੋਭ ਉਪਰਾਲਾ ਕਰਨਾ।

(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਦਾ ਪੂਰਨ ਅਦਬ ਸਤਿਕਾਰ ਕਰਨਾ ਅਤੇ ਪੂਰਨ ਭੈ-ਭਾਵਨੀ ਵਿਚ ਸਾਂਭ ਸੰਭਾਲ ਕਰਨੀ।

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਸਿਖ ਦੇ ਘਰ ਦਾ ਸਭ ਤੋਂ ਵਧੀਆ ਕਮਰਾ ਅਤੇ ਸਭ ਤੋਂ ਵਧੀਆ ਬਸਤਰ ਗੁਰੂ ਅਰਪਣ ਹੋਣੇ ਬਣਦੇ ਹਨ।

(ਸ) ਲਿਖਤੀ ਬੀੜਾਂ ਦੇਸ ਅਤੇ ਪਰਦੇਸ ਵਿਚ ਕਈ ਥਾਵਾਂ ਤੇ ਬਰਾਜਮਾਨ ਹਨ। ਇਹ ਸੁਰਖਿਅਤ ਕਰਨ ਜੋਗ ਹਨ। ਇਨ੍ਹਾਂ ਦੀ ਸੰਪੂਰਨ ਸੂਚੀ ਤਿਆਰ ਕੀਤੇ ਜਾਣ ਅਤੇ ਸਾਂਭ ਸੰਭਾਲ ਦੀ ਅੰਤੀਅੰਤ ਲੋੜ ਹੈ।



www.AKJ.Org

(ਹ) ਲਿਖਤੀ ਬੀੜਾਂ ਦੀ ਸੁਰਤ ਸੰਭਾਲ ਕੀਤੀ ਜਾਣੀ ਚਾਹੀਦੀ ਹੈ। ਹਜ਼ਾਰਾਂ ਦੀ ਗਿਣਤੀ ਵਿਚ ਇਹ ਬੀੜਾਂ ਸਾਲਾਂ ਤੋਂ ਅਲਮਾਰੀਆਂ ਵਿਚ ਵਖ ਵਖ ਥਾਵਾਂ ਤੇ ਬੰਦ ਹਨ।

(ਕ) ਜਿਨ੍ਹਾਂ ਬੀੜਾਂ ਦੇ ਵਿਚਕਾਰਲੇ ਜਾਂ ਪਾਸਿਆਂ ਦੇ ਕੁਝ ਪੰਨੇ ਮਸਤਾਨੇ ਹੋ ਜਾਂਦੇ ਹਨ, ਪਰ ਬਾਕੀ ਪਤਰਿਆਂ ਦੀ ਹਾਲਤ ਚੰਗੀ ਹੁੰਦੀ ਹੈ ਉਨ੍ਹਾਂ ਨੂੰ ਬਿਰਧ ਬੀੜਾਂ ਵਿਚ ਸ਼ਾਮਲ ਕਰ ਕੇ ਸ੍ਰੀ ਗੋਇੰਦਵਾਲ ਸਾਹਿਬ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਭੇਜ ਦੇਣਾ ਘੋਰ ਅਨਗਹਿਲੀ ਅਤੇ ਸ਼ਰਧਾ ਵਿਚ ਕਮੀ ਦਾ ਸੂਚਕ ਹੈ।

ਗੁਰੂ ਦੇ ਸਤਿਕਾਰ ਸੰਬੰਧੀ ਉਪਰ ਵਰਣਿਤ ਸੁਝਾਵਾਂ ਬਾਰੇ ਕਈਆਂ ਨੂੰ, ਖ਼ਾਸ ਕਰਕੇ ਸਾਡੇ ਅੱਜ ਕਲ੍ਹ ਦੇ ਬੁਧੀ-ਜੀਵੀਆਂ ਨੂੰ ਕੁਝ ਸੰਸਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਧਰਮ-ਗ੍ਰੰਥ ਹੀ ਹਨ। ਸਧਾਰਨ ਤੌਰ ਤੇ ਵੇਖਿਆਂ ਅਤੇ ਸਧਾਰਨ ਮਨੁੱਖ ਲਈ ਤਾਂ ਏਵੇਂ ਹੀ ਹੈ। ਪਰ ਅਸਲੀਅਤ ਕੁਝ ਹੋਰ ਹੈ। ਜਿਵੇਂ ਬਿਜਲੀ ਦਾ ਪਾਵਰ ਪਲਾਂਟ ਸਧਾਰਨ ਮਨੁੱਖ ਲਈ ਕੇਵਲ ਸਧਾਰਨ ਢਾਂਚਾ (material structure) ਹੀ ਹੈ, ਪਰ ਜਿਹੜਾ ਮਨੁੱਖ ਬਿਜਲੀ ਸੰਬੰਧੀ ਵਾਕਫੀਅਤ ਰਖਦਾ ਹੈ ਉਹ ਜਾਣਦਾ ਹੈ ਕਿ ਇਹ ਸਧਾਰਨ ਨਹੀਂ, ਸਗੋਂ ਸ਼ਕਤੀ ਪੂਰਤ ਢਾਂਚਾ ਹੈ। ਉਹ ਇਸ ਢਾਂਚੇ ਰਾਹੀਂ ਜ਼ਿੰਦਗੀ ਦੇ ਬੇਅੰਤ ਕਾਰਜ ਸਵਾਰਦਾ ਹੈ। ਏਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗ੍ਰੰਥ ਰੂਪ ਤਾਂ ਸਾਰਿਆਂ ਨੂੰ ਦਿਸਦਾ ਹੈ, ਪਰ ਇਸ ਵਿਚ ਵਰਤ ਰਹੀ ਸ਼ਬਦ-ਜੋਤਿ ਨੂੰ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰੂ ਪੱਖ ਨੂੰ ਵਿਰਲੇ ਸੁਭਾਗੇ ਵਿਅਕਤੀ ਹੀ ਅਨੁਭਵ ਕਰਦੇ ਹਨ। ਫੁਰਮਾਨ ਹੈ :—

> ਸਤਿਗੁਰ ਨੋ ਜੇਹਾ ਕੋ ਇਛਦਾ, ਤੇਹਾ ਫਲੁ ਪਾਇ ਕੋਇ ॥... [ਗਉੜੀ ਕੀ ਵਾਰ, ਮ: ੪, ਪੰਨਾ ੩੦੨
>
> ਪੋਥੀ ਪਰਮੇਸਰ ਕਾ ਥਾਨੁ ॥ ਸਾਧ ਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥ [ਸਾਰੰਗ ਮ: ੫

ਸੋ ਜਿਹੜੇ ਸ਼ਬਦ-ਜੋਤਿ ਨੂੰ ਅਨੁਭਵ ਕਰਦੇ ਹਨ ਉਨ੍ਹਾਂ ਨੂੰ ਹੀ ਜੋਤਿ-ਚਾਨਣਾ ਪ੍ਰਾਪਤ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜਾਗਤ-ਜੋਤਿ ਸਤਿਗੁਰੂ ਹਨ।

(੪) ਕੇਵਲ "ਗੁਰਮੁਖਿ" ਅਤੇ ਰਹਿਤਵਾਨ "ਗੁਰਸਿਖ" ਹੀ ਸਿਖ ਸੰਸਥਾਵਾਂ ਦੇ ਮੈਂਬਰ ਅਤੇ ਆਗੂ ਹੋਣੇ ਚਾਹੀਦੇ ਹਨ। ਕਿਸੇ ਬੇਅੰਮ੍ਰਿਤੀਏ ਜਾਂ ਪਤਿਤ ਨੂੰ ਸਿਖ ਪ੍ਰਬੰਧਕ ਸੰਸਥਾ ਜਾਂ ਵਿਦਿਅਕ ਸੰਸਥਾ ਦੀ ਮੈਂਬਰੀ ਜਾਂ ਨੌਕਰੀ ਨਹੀਂ ਦਿਤੀ ਜਾਣੀ ਚਾਹੀਦੀ, ਭਾਵੇਂ ਉਸ ਨੇ ਕਿੰਨੀਆਂ ਵੀ ਡਿਗਰੀਆਂ ਪ੍ਰਾਪਤ ਕੀਤੀਆਂ ਹੋਣ।

(੫) "ਗੁਰਦੁਆਰਾ ਚੋਣਾਂ" ਗੁਰਦੁਆਰਿਆਂ ਦੇ ਪਰਬੰਧ ਲਈ ਭਾਵੇਂ ਆਦਰਸ਼ਕ ਹਲ ਨਹੀਂ, ਪਰ ਘਟ ਨੁਕਸ ਵਾਲਾ ਹਲ ਹਨ। ਇਨ੍ਹਾਂ ਚੋਣਾਂ ਸਮੇਂ ਪਰਸਪਰ ਵਿਰੋਧੀ ਪਾਰਟੀਆਂ ਵਲੋਂ ਗੁਰਮਤਿ ਅਤੇ ਗੁਰਸਿਖੀ ਦੇ ਅਸੂਲਾਂ ਨੂੰ ਤਿਲਾਂਜਲੀ ਦੇ ਕੇ ਇਕ ਦੂਜੇ ਦੇ ਵਿਰੁੱਧ ਗੰਦ ਉਛਾਲਿਆ ਜਾਂਦਾ ਹੈ ਅਤੇ ਹਰ ਯੋਗ ਅਯੋਗ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਗੁਰਸਿਖੀ ਦੇ ਤਾਂ ਕੀ, ਸਧਾਰਨ ਇਨਸਾਨੀ ਅਸੂਲਾਂ ਦੇ ਵੀ ਉਲਟ ਹੈ।

(੬) ਕੇਸਾਂ ਤੇ ਦਾੜ੍ਹੀ ਦੀ ਖੁਲ੍ਹਮਖੁਲ੍ਹਾ ਬੇਅਦਬੀ ਕਰਨ ਵਾਲਿਆਂ ਨੂੰ ਕੁਝ ਨਿਸਚਿਤ ਮਾਇਕ ਭੇਟਾ ਗੁਰਧਾਮਾਂ ਤੇ ਅਰਪਣ ਕਰਨ ਵਜੋਂ ਸਿਰੋਪਾਓ ਦਿਤੇ ਜਾਂਦੇ ਹਨ। ਇਹ ਖਾਲਸਈ ਸਿਰੋਪਾਓ ਦੀ ਖੁਲ੍ਹਮਖੁਲ੍ਹਾ ਬੇਅਦਬੀ ਤੇ ਸਿਖ ਅਸੂਲਾਂ ਦਾ ਮਖ਼ੌਲ ਉਡਾਉਣ ਵਾਲੀ ਗੱਲ ਹੈ।

(੭) ਗੁਰਬਾਣੀ ਜਾਂ ਸਿਖ ਬੋਲਿਆਂ ਦੀਆਂ ਤੁਕਾਂ ਦੇ ਨਾਂ ਥਲੇ ਲੱਚਰ ਫ਼ਿਲਮਾਂ ਬਣਾਉਣ ਦੀ ਆਗਿਆ ਦੇ ਕੇ ਸਿਖ ਧਰਮ ਦੇ ਪਰਚਾਰ ਕਰਨ ਦੀ ਖ਼ਾਮ ਖ਼ਿਆਲੀ ਵਿਚ ਪੈ ਕੇ ਐਵੇਂ ਥੁੱਕੀਂ ਵੜੇ ਪਕਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਕੌਮ ਦਾ ਲੱਖਾਂ ਰੁਪਿਆ ਇਸ ਕੋਝੇ ਢੰਗ ਰਾਹੀਂ ਪਰਚਾਰ ਕਰਨ ਲਈ ਰੋੜ੍ਹਿਆ ਜਾ ਰਿਹਾ ਹੈ, ਜੋ ਗੁਰਮਤਿ ਤੇ ਸਿਖ ਰਵਾਇਤ ਦੇ ਬਿਲਕੁਲ ਉਲਟ ਹੈ। ਇਹ ਸਭ ਕੁਝ ਜਾਣਦਿਆਂ ਹੋਇਆਂ ਵੀ ਇਸ ਮਨਮਤ ਨੂੰ ਠਲ੍ਹ ਪਾਉਣ ਲਈ ਅਜੇ ਤਕ ਕਿਸੇ ਦੀ ਅਣਖ ਨਹੀਂ ਜਾਗੀ।

ਉਪਰੋਕਤ ਵਿਚਾਰਾਂ ਦੇ ਆਧਾਰ ਤੇ ਇਹ ਨਿਰਣਾ ਕਰਨਾ ਕਿ ਪੰਥ ਕਿਸ ਹੱਦ ਤਕ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚਰ ਰਿਹਾ ਹੈ, ਇਹ ਪਾਠਕਾਂ ਉਤੇ ਛਡਣਾ ਹੀ ਉਚਿਤ ਹੈ। ਅਤੇ ਕਿਵੇਂ ਖਾਲਸਾ ਪੰਥ ਆਪਣੇ ਅਧਿਕਾਰ ਮਾਣ ਸਕਦਾ ਹੈ ਇਹ ਜ਼ਿੰਮੇਵਾਰ ਤੇ ਵਿਦਵਾਨ ਸਜਣਾਂ ਲਈ ਛੱਡਿਆ ਜਾਂਦਾ ਹੈ।


www.AKJ.Org

# ਭੁਲੇਖੇ ਦੂਰ ਕਰਨ ਦੀ ਥਾਂ 'ਭੁਲੇਖੇ ਹੀ ਭੁਲੇਖੇ'

ਐਤਕੀ ਦੀ ਵੈਸਾਖੀ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਸਰਬ ਸੰਸਾਰ ਵੀਚਾਰ ਸੰਮੇਲਨ' ਹੋਇਆ। ਉਥੇ ਇਕ ਛੋਟਾ ਜਿਹਾ ਟ੍ਰੈਕਟ ਕਿਸੇ ਲਾ-ਪਤਾ ਸ: ਰਾਮ ਸਿੰਘ ਕਾਲੜਾ ਦਾ ਲਿਖਿਆ ਹੋਇਆ ਵੰਡਿਆ ਗਿਆ। ਇਸ ਟ੍ਰੈਕਟ ਦੇ ਪ੍ਰੈਸ ਦੇ ਨਾਂ ਦਾ ਵੀ ਕੋਈ ਥਾਂ ਟਿਕਾਣਾ ਨਹੀਂ ਹੈ।

ਇਸ ਟ੍ਰੈਕਟ ਦਾ ਨਾਂ ਹੈ "ਗੁਰਮਤਿ ਵਿਚਾਰ—ਭੁਲੇਖੇ ਦੂਰ ਕਰਨ ਹਿਤ ਇਕ ਨਿਮਾਣਾ ਜਿਹਾ ਜਤਨ"। ਇਸ ਵਿਚ ਮਾਸ ਖਾਣ ਨੂੰ ਸਹੀ ਸਿਧ ਕਰਨ ਦਾ ਜਤਨ ਕੀਤਾ ਗਿਆ ਹੈ। ਗੁਰਮਤਿ ਅਨੁਸਾਰ ਝਟਕਾ ਖਾਣ ਨੂੰ ਸਿਧ ਕਰਨ ਹਿਤ ਮਾਸ-ਪੱਖੀ ਪਰਚਾਰਕ ਬਹੁਤਾ ਕਰਕੇ ਗੁਰੂ ਨਾਨਕ ਸਾਹਿਬ ਜੀ ਦੇ ਉਚਾਰੇ ਹੋਏ ਮਲਾਰ ਦੀ ਵਾਰ ਵਿਚਲੇ ਇਨ੍ਹਾਂ ਦੋ ਸਲੋਕਾਂ ਦਾ ਹੀ ਆਸਰਾ ਲੈਂਦੇ ਹਨ —

੧. ਪਹਿਲਾ ਮਾਸਹੁ ਨਿੰਮਿਆ......

੨. ਮਾਸੁ ਮਾਸੁ ਕਰਿ ਮੂਰਖ ਝਗੜੇ......

ਇਸ ਟ੍ਰੈਕਟ ਦੇ ਲਿਖਾਰੀ ਜੀ ਨੂੰ ਭੀ ਇਹੋ ਆਸਰਾ ਹੀ ਲਭਾ ਹੈ। ਇਨ੍ਹਾਂ ਤੁਕਾਂ ਵਿਚੋਂ ਹੀ ਝਟਕਾ ਖਾਣਾ ਜਾਇਜ਼ ਸਿਧ ਕਰਨ ਦਾ ਨਿਰਾਰਥ ਜਤਨ ਕੀਤਾ ਹੈ।

ਇਨ੍ਹਾਂ ਪਰਮਾਣਾਂ ਦੀਆਂ ਸਾਰੀਆਂ ਤੁਕਾਂ ਵਿਚ ਮਾਸ ਦਾ ਜ਼ਿਕਰ ਹੈ, ਪਰ ਇਨ੍ਹਾਂ ਦੋਹਾਂ ਸਲੋਕਾਂ ਦੀਆਂ ੩੪ ਤੁਕਾਂ ਵਿਚ ਮਾਸ ਖਾਣ ਦਾ ਉਪਦੇਸ਼ ਕਿਧਰੇ ਵੀ ਨਹੀਂ ਮਿਲਦਾ, ਸਗੋਂ ਇਹ ਗੁਰ-ਪ੍ਰਮਾਣ ਮਾਸ ਦੇ ਮੋਮਨਾਂ ਦੀ ਪਖੰਡ-ਕਿਰਿਆ ਦਾ ਨਿਖੇਧ ਕਰਦੇ ਹਨ। ਇਨ੍ਹਾਂ ਗੁਰ-ਪਰਮਾਣਾਂ ਵਿਚੋਂ ਉਥਾਨਕਾ ਲਭ ਕੇ ਹੀ ਸਾਰੰਸ਼ ਸਮਝਿਆ ਜਾ ਸਕਦਾ ਹੈ। ਸਾਰੰਸ਼ ਹੈ —

ਗਿਆਨੁ ਧਿਆਨੁ ਕਛੁ ਸੂਝੈ ਨਾਹੀ, ਚਤੁਰੁ ਕਹਾਵੈ ਪਾਂਡੇ ॥......

ਅਤੇ ਸਭ ਤੋਂ ਆਖ਼ਰੀ ਤੁਕ ਹੈ —

ਏਤੇ ਰਸ ਛੋਡਿ ਹੋਵੈ ਸੰਨਿਆਸੀ, ਨਾਨਕ ਕਹੈ ਵਿਚਾਰਾ ॥

ਇਹ ਤੁਕਾ ਬਿਲਕੁਲ ਸਪੱਸ਼ਟ ਕਰਦੀਆਂ ਹਨ ਕਿ ਇਹ ਗੁਰਵਾਕ ਪੰਡਤਾਂ ਬ੍ਰਾਹਮਣਾਂ ਦੇ ਪ੍ਰਥਾਇ ਹਨ ਅਤੇ ਵਿਸ਼ੇਸ਼ ਕਰ ਕੇ ਉਨ੍ਹਾਂ ਵੈਸ਼ਨਵ ਬ੍ਰਾਹਮਣਾਂ ਪ੍ਰਤੀ ਹਨ ਜੋ ਸੰਨਿਆਸ ਆਸ਼੍ਰਮ ਦੇ ਅਭਿਮਾਨੀ ਹੋ ਕੇ, ਆਪਣੇ ਆਪ ਨੂੰ "ਮਾਸ ਦੇ ਤਿਆਗੀ ਹੋਣ ਕਾਰਨ" ਪੂਰਨ ਧਰਮੀ ਸਮਝੀ ਬੈਠੇ ਹਨ। ਦਿਖਾਵੇ ਮਾਤਰ ਮਾਸ ਨੂੰ ਦੇਖ ਕੇ ਘ੍ਰਿਣਾ ਕਰਦੇ ਤੇ ਛੂ ਛੂ ਕਰ ਕੇ ਭਜਦੇ ਹਨ। ਸਾਰੇ ਸ਼ਬਦ ਦਾ ਆਸ਼ਾ ਮਾਸ ਮਾਸ ਕਹਿ ਕੇ, ਮਾਸ ਦੀ ਛੂਤ ਅਤੇ ਮਾਸ ਦਾ ਤਿਆਗ ਜਣਾ ਕੇ ਪਰਮ ਧਰਮੀ ਬਣ ਬੈਠਣ ਵਾਲਿਆਂ ਦੇ ਪਖੰਡ ਨੂੰ ਉਘੇੜਨ ਦਾ ਹੈ, ਅਰਥਾਤ ਕੇਵਲ ਮਾਸ ਦਾ ਮੋਮਨ-ਪੁਣਾ ਹੀ ਕਿਸੇ ਪੁਰਸ਼ ਨੂੰ ਧਰਮੀ ਨਹੀਂ ਬਣਾ ਸਕਦਾ, ਜਦ ਤਕ ਕਿ ਉਹ ਤੱਤ ਹੁਕਮ ਦੀ ਪਾਲਣਾ ਨਹੀਂ ਕਰਦਾ। ਪਹਿਲੇ ਸਲੋਕ ਦਾ ਸਾਰੰਸ਼ ਆਖ਼ਰੀ ਦੋ ਤੁਕਾਂ ਵਿਚ ਇਸ ਹੁਕਮੇ ਪ੍ਰਥਾਇ ਇਉਂ ਹੈ —

ਸਤਿਗੁਰਿ ਮਿਲਿਐ ਹੁਕਮੁ ਬੁਝੀਐ, ਤਾ ਕੋ ਆਵੈ ਰਾਸਿ ॥ ਆਪਿ ਛੁਟੇ ਨਹ ਛੁਟੀਐ, ਨਾਨਕ ਬਚਨਿ ਬਿਣਾਸੁ ॥

ਇਨ੍ਹਾਂ ਦੋਹਾਂ ਸਲੋਕਾਂ ਵਿਚੋਂ ਜਿਸ ਤੁਕ ਨੂੰ ਆਪਣੇ ਮੰਤਵ ਦੀ ਸਿੱਧੀ ਲਈ ਮਾਸ ਖਾਣ ਵਾਲੇ ਮਨ-ਮਰਜ਼ੀ ਦੇ ਅਰਥ ਲਾ ਕੇ ਘਟਾਉਂਦੇ ਹਨ, ਉਹ ਤੁਕ ਇਹ ਹੈ —

ਅਭਖੁ ਭਖਹਿ, ਭਖੁ ਤਜਿ ਛੋਡਹਿ, ਅੰਧੁ ਗੁਰੂ ਜਿਨ ਕੇਰਾ ॥

ਇਸ ਤੁਕ ਦੇ 'ਸ਼ਬਦਾਰਥ' ਦੇ ਕੀਤੇ ਹੋਏ ਅਰਥ ਇਉਂ ਟ੍ਰੈਕਟ ਵਿਚ ਦਰਜ ਹਨ, "ਜਿਨ੍ਹਾਂ ਦਾ ਗੁਰੂ ਅੰਨ੍ਹਾ ਹੁੰਦਾ ਹੈ ਉਹ ਨਾ ਖਾਣ ਵਾਲੀ ਚੀਜ਼, ਭਾਵ ਹਰਾਮ ਖਾਂਦੇ ਹਨ ਤੇ ਖਾਣ ਵਾਲੀ ਮਾਸ ਆਦਿਕ ਚੀਜ਼ ਛਡ ਦਿੰਦੇ ਹਨ।"

ਜਿਵੇਂ ਕਹਾਵਤ ਹੈ ਕਿ 'ਸਾਉਣ ਦੇ ਅੰਨ੍ਹੇ ਨੂੰ ਹਰਾ ਹੀ ਹਰਾ ਦਿਸਦਾ ਹੈ ਉਸੇ ਤਰ੍ਹਾਂ ਮਾਸ ਦੇ ਚਸਕੇ-ਬਾਜ਼ਾਂ ਨੂੰ ਸਭ ਤੋਂ ਚੰਗੀ ਖਾਣ ਵਾਲੀ ਵਸਤੂ ਮਾਸ ਹੀ ਨਜ਼ਰ ਆਉਂਦੀ ਹੈ। ਭਲਾ ਜੀ, ਜੇ ਭਖਣ ਵਾਲੀ ਵਸਤੂ ਮਾਸ ਹੀ ਹੈ ਤਾਂ 'ਅਭਖ' ਵਸਤੂ ਕਿਹੜੀ ਹੋਈ ? ਤੇ ਨਾ ਖਾਣ ਵਾਲੀ ਹਰਾਮ ਚੀਜ਼ ਕਿਸ ਨੂੰ ਮੰਨੋਗੇ ? ਇਥੇ ਨਾ ਕਿਧਰੇ ਝਟਕੇ ਦਾ ਜ਼ਿਕਰ ਹੈ ਤੇ ਨਾ ਹਲਾਲ ਦਾ। ਜੇ ਉਪਰੋਕਤ ਕੀਤੇ ਅਰਥਾਂ ਨੂੰ ਭੀ ਸਹੀ ਮੰਨ ਲਈਏ ਤਾਂ ਮਾਸ ਆਦਿਕ ਚੀਜ਼ ਤੋਂ ਝਟਕੇ ਦਾ ਅਰਥ ਕਿਵੇਂ ਕਢ ਲਿਆ ਜਾਵੇਗਾ ? ਇਹ ਅਰਥ ਕਦਾਚਿਤ ਨਹੀਂ ਬਣ ਸਕਦਾ। ਸੋ ਝਟਕਾ ਸਿਧ ਕਰਨ ਵਾਲਿਆਂ ਦਾ ਦਾਅਵਾ ਇਕ-ਦਮ ਖ਼ਾਰਜ ਹੋ ਜਾਂਦਾ ਹੈ। ਇਹ ਸਭ ਕੁਚਸਕੇ-ਬਾਜ਼ਾਂ ਦੇ ਮਨ-ਮਰਜ਼ੀ ਦੇ



www.AKJ.Org

ਢਕੌਂਸਲੇ ਹਨ।

ਇਸ ਤੁਕ ਦੇ ਅਰਥ ਕਿਸੇ ਖਿਚ-ਧੂਹ ਦੇ ਮੁਥਾਜ ਨਹੀਂ, ਸਗੋਂ ਬਿਲਕੁਲ ਸਪੱਸ਼ਟ ਹੈ ਕਿ "ਨਿੰਦਤ ਅਭਖ ਵਸਤੂ ਨੂੰ ਖਾਈ ਜਾਣਾ ਅਤੇ ਅਨਿੰਦ ਵਸਤੂ ਨੂੰ ਐਵੇਂ ਨਿੰਦ ਕੇ ਛਡ ਦੇਣਾ ਅਗਿਆਨੀ ਪੁਰਸ਼ਾਂ ਦਾ ਕੰਮ ਹੈ।" ਇਥੋਂ ਮਾਸ ਖਾਣ ਦੀ ਕੋਈ ਪ੍ਰੇਰਨਾ ਨਹੀਂ ਮਿਲਦੀ। ਮਾਸ ਤੋਂ ਵਧ ਕੇ ਵਿਸ਼ੇ ਵਿਕਾਰ ਉਪਜਾਉਣ ਵਾਲੀ ਰਸਕ ਵਸਤੂ ਹੋਰ ਕੋਈ ਨਹੀਂ, ਇਸ ਲਈ ਮਾਸ ਅਭਖ ਵਸਤੂ ਹੈ।

ਗੁਰਬਾਣੀ ਦੇ ਅਨੇਕਾਂ ਪਰਮਾਣ ਜੀਵ ਨੂੰ ਕੋਹ-ਕੁਠ ਕੇ ਮਾਸ ਖਾਣ ਦੀ ਸਖ਼ਤ ਨਿਖੇਧੀ ਕਰਦੇ ਹਨ। ਜਿਵੇਂ –

(ੳ) ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ ॥
ਲੋਭੀ ਜੰਤੁ ਨ ਜਾਣਈ, ਭਖੁ ਅਭਖੁ ਸਭ ਖਾਇ ॥

(ਅ) ਅਸੰਖ ਗਲਵਢ ਹਤਿਆ ਕਮਾਹਿ ॥...
ਅਸੰਖ ਮਲੇਖ ਮਲੁ ਭਖਿ ਖਾਹਿ ॥

ਅਸੰਖਾਂ ਹੀ ਪੁਰਸ਼ ਗਲੇ ਵਢ ਵਢ ਕੇ ਹਤਿਆ ਕਮਾਉਂਦੇ ਹਨ ਅਤੇ ਅਸੰਖਾਂ ਹੀ ਮਲੇਛ ਮਲ ਮਿਟੀ (ਭਾਵ ਮਾਸ) ਖਾਂਦੇ ਹਨ।

(ੲ) ਬੇਦੁ ਪੜੈ ਮੁਖਿ ਮੀਠੀ ਬਾਣੀ ॥ ਜੀਆ ਕੁਹਤ ਨ ਸੰਗੈ ਪਰਾਣੀ ॥ [ਗਉੜੀ ਮ: ੫

(ਸ) ਜੇ ਕਸਾਈ ਉਧਰਿਆ, ਜੀਆ ਘਾਇ ਨਾ ਖਾਈਐ ਭੰਗਾ ॥

ਭਾਈ ਗੁਰਦਾਸ ਜੀ ਉਪਰਲੀ ਤੁਕ ਵਿਚ ਸਪੱਸ਼ਟ ਕਰਦੇ ਹਨ ਕਿ ਜੀਆਂ ਨੂੰ ਮਾਰ ਕੇ 'ਭੰਗਾ' ਭਾਵ ਉਨ੍ਹਾਂ ਦਾ ਮਾਸ ਨਾ ਖਾਈਏ।

(ਹ) ਕਬੀਰ ਭਾਂਗ (ਮਾਸ) ਮਾਛੁਲੀ, ਸੁਰਾਪਾਨਿ, ਜੋ ਜੋ ਪ੍ਰਾਨੀ ਖਾਹਿ ॥ ਤੀਰਥ ਬਰਤ ਨੇਮ ਕੀਏ, ਤੇ ਸਭੈ ਰਸਾਤਲਿ ਜਾਹਿ ॥ [ਸਲੋਕ ਕਬੀਰ ਜੀ

ਭਾਵ ਮਾਸ ਮੱਛੀ ਸ਼ਰਾਬ ਦਾ ਸੇਵਨ ਕਰਨ ਵਾਲੇ, ਕਰਮ ਧਰਮ ਕਰਦਿਆਂ ਹੋਇਆਂ ਵੀ ਨਰਕਾਂ ਦੇ ਭਾਗੀ ਬਣਦੇ ਹਨ।

(ਕ) ਜੀਅ ਬਧਹੁ ਸੁ ਧਰਮੁ ਕਰਿ ਥਾਪਹੁ, ਅਧਰਮੁ ਕਹਹੁ ਕਤ ਭਾਈ?

ਜੇ ਜੀਵਾਂ ਨੂੰ ਵਢਣਾ ਹੀ ਧਰਮ ਹੈ ਤਾਂ ਅਧਰਮ ਕਿਹੜੇ ਕਰਮ ਨੂੰ ਆਖੋਗੇ?

(ਖ) ਮਾਸ ਖਾਣ ਗਲ ਵਢ ਕੈ, ਹਾਲ ਤਿਨਾੜਾ ਕਉਣ ਹੋਵਸੀ?

ਭਾਈ ਗੁਰਦਾਸ ਜੀ ਦੀ ਬਾਣੀ ਗੁਰਬਾਣੀ ਦੀ ਕੁੰਜੀ ਮੰਨੀ ਜਾਂਦੀ ਹੈ। ਉਨ੍ਹਾਂ ਦਾ ਉਪਰੋਕਤ ਸਪੱਸ਼ਟ ਬਚਨ ਮਾਸ-ਅਹਾਰੀਆਂ ਨੂੰ ਸਖ਼ਤ ਤਾੜਨਾ ਕਰਦਾ ਹੈ। ਜੇ ਉਹ ਅਜੇ ਵੀ ਸਿਰ ਫੇਰਨ ਤਾਂ ਫਿਰ ਕਬੀਰ ਸਾਹਿਬ ਦਾ ਹੇਠ ਲਿਖਿਆ ਬਚਨ ਸੁਣ ਲੈਣ –

...ਹੇਰਾ ਰੋਟੀ ਕਾਰਨੇ, ਗਲਾ ਕਟਾਵੈ ਕਉਨੁ ॥

ਜੀਵਾਂ ਦਾ ਸ਼ਿਕਾਰ ਕਰ ਕੇ ਮਾਸ ਖਾਣ ਵਾਲਿਆਂ ਨੂੰ ਆਪਣਾ ਗਲਾ ਵੀ ਅਵੱਸ਼ ਕਟਾਣਾ ਪਏਗਾ।

ਅਗੇ ਜਾ ਕੇ ਇਸ ਟ੍ਰੈਕਟ ਦੇ ਲੇਖਕ ਜੀ ਗੁਰਬਾਣੀ ਦੀਆਂ ਇਹ ਤੁਕਾਂ ਦੇਂਦੇ ਹਨ –

... ... ... ... ...
ਅਭਾਖਿਆ ਕਾ ਕੁਠਾ ਬਕਰਾ ਖਾਣਾ ॥
ਚਉਕੇ ਉਪਰਿ ਕਿਸੈ ਨ ਜਾਣਾ ॥

ਇਨ੍ਹਾਂ ਤੁਕਾਂ ਤੋਂ ਬਾਅਦ ਲੇਖਕ ਜੀ ਇਉਂ ਲਿਖਦੇ ਹਨ—"ਪਹਿਲਾਂ ਹਿੰਦੂ ਛਤਰੀ ਆਦਿ ਝਟਕਾ ਹੀ ਵਰਤਦੇ ਸਨ, ਪਰੰਤੂ ਜਦੋਂ ਔਰੰਗਜ਼ੇਬੀ ਹੁਕਮ ਨਾਲ ਝਟਕੇ ਦੀ ਮਨਾਹੀ ਕੀਤੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਝਟਕਾ ਹੀ ਖਾਣਾ ਜਾਇਜ਼ ਕਰਾਰ ਦੇ ਦਿਤਾ।"

ਉਪਰੋਕਤ ਕਥਨ ਦੀ ਪੁਸ਼ਟੀ ਲਈ ਝਟਕੇ ਨੂੰ ਜਾਇਜ਼ ਕਰਾਰ ਦੇਣ ਵਾਸਤੇ ਗੁਰਬਾਣੀ ਅੰਦਰ ਕੋਈ ਹੁਕਮ ਨਹੀਂ ਹੈ ਅਤੇ ਨਾ ਹੀ ਦਸਮੇਸ਼ ਜੀ ਦਾ ਕੋਈ ਹੁਕਮ ਕਿਸੇ ਵੀ ਇਤਿਹਾਸ ਵਿਚੋਂ ਇਸ ਦੀ ਪੁਸ਼ਟੀ ਲਈ ਮਿਲਦਾ ਹੈ। ਰਹਿਤਨਾਮਿਆਂ ਵਿਚੋਂ ਤਾਂ ਕੇਵਲ 'ਕੁਠੇ ਦੀ ਮਨਾਹੀ' ਦਾ ਹੀ ਸੰਕੇਤ ਮਿਲਦਾ ਹੈ, ਝਟਕੇ ਦੀ ਆਗਿਆ ਦਾ ਕੋਈ ਜ਼ਿਕਰ ਨਹੀਂ। 'ਝਟਕੇ' ਸ਼ਬਦ ਦਾ ਜ਼ਿਕਰ ਗੁਰਬਾਣੀ, ਭਾਈ ਗੁਰਦਾਸ ਦੀ ਬਾਣੀ, ਦਸਮੇਸ਼ ਜੀ ਦੀ ਬਾਣੀ, ਕਿਸੇ ਪ੍ਰਾਚੀਨ ਸਿਖ ਇਤਿਹਾਸ ਅਤੇ ਗੁਰਮਤਿ ਸੰਬੰਧੀ ਕਿਸੇ ਹੋਰ ਪ੍ਰਾਚੀਨ ਪੁਸਤਕ ਵਿਚ ਭੀ ਨਹੀਂ ਆਉਂਦਾ। ਮੁਸਲਮਾਨਾਂ ਦੇ ਹਲਾਲ ਦੇ ਮੁਕਾਬਲੇ ਵਿਚ ਮਾਸ-ਭੱਖੀਆਂ ਨੇ ਇਹ 'ਝਟਕਾ' ਸ਼ਬਦ ਆਪ-ਹੁਦਰੇਂ ਹੀ ਜਾਇਜ਼ ਕਰਾਰ ਦੇ ਲਿਆ ਹੈ। ਅਸਲ ਵਿਚ ਰਹਿਤਨਾਮਿਆਂ ਵਿਚ ਕੁਠੇ ਦੀ ਮਨਾਹੀ ਤੋਂ ਭਾਵ ਮਾਸ ਖਾਣ ਦੀ ਮਨਾਹੀ ਹੀ ਹੈ। ਸੋ, ਮਾਸ-ਅਹਾਰੀਆਂ ਕੋਲ ਆਪਣਾ ਪੱਖ ਜਾਇਜ਼ ਸਿਧ ਕਰਨ ਲਈ ਗੁਰਮਤਿ ਕਸੌਟੀ ਤੇ ਪੂਰੀ ਉਤਰਨ ਵਾਲੀ ਕੋਈ ਦਲੀਲ ਨਹੀਂ ਹੈ, ਐਵੇਂ ਮਨ-ਉਕਤ ਟਪਲੇ ਮਾਰ ਕੇ ਲੁਕਾਈ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ।

www.AKJ.Org

# ਸਾਡੇ ਨੇਤਾਵਾਂ ਦੀ ਸਿਖ ਕੌਮ ਨੂੰ ਦੇਣ

ਅਜ ਤੋਂ ਕੁਝ ਸਾਲ ਪਹਿਲੇ ਧਾਰਮਕ ਦੀਵਾਨਾਂ ਵਿਚ ਧਰਮ ਪਰਚਾਰ ਕਰਨ ਵਾਲੇ ਪ੍ਰਚਾਰਕ, ਰਾਗੀ, ਗਰੰਥੀ, ਅਤੇ ਮਹੰਤ ਇਹੋ ਹੀ ਕਹਿੰਦੇ ਸੁਣਦੇ ਸਾਂ ਕਿ ਸਿਖਾਂ ਨੂੰ ਨਾਟਕਾਂ ਚੇਟਕਾਂ ਤੋਂ ਦੂਰ ਰਹਿਣਾ ਚਾਹੀਦਾ ਹੈ, ਕਿਉਂਕਿ ਇਹ ਮਨੁਖ ਦੇ ਮਨ ਉਤੇ ਚੰਗਾ ਪ੍ਰਭਾਵ ਨਹੀਂ ਪਾਂਦੇ ਸਗੋਂ ਮਨ ਵਿਸ਼ੇ ਵਿਕਾਰਾਂ ਵਲ ਪਰੇਰੇ ਜਾਂਦੇ ਹਨ।

ਇਸੇ ਤਰ੍ਹਾਂ ਗੁਰਸਿਖ ਮਾਤਾ ਪਿਤਾ ਘਰਾਂ ਵਿਚ ਆਪਣੇ ਬੱਚਿਆਂ ਨੂੰ ਇਹੋ ਸਿਖਿਆ ਦੇਂਦੇ ਸਨ। ਖ਼ਾਲਸਾ ਸਕੂਲਾਂ ਕਾਲਜਾਂ ਵਿਚ ਧਾਰਮਕ ਸਿਖਿਆ ਦੇਣ ਵਾਲੇ ਅਧਿਆਪਕ ਵਿਦਿਆਰਥੀਆਂ ਨੂੰ ਸਿਨਮਾ-ਘਰਾਂ ਵਿਚ ਜੇ ਕਿਸੇ ਵੇਲੇ ਫਿਰਦਾ ਵੇਖ ਲੈਂਦੇ ਤਾਂ ਜਮਾਤ ਵਿਚ ਖੜਾ ਕਰ ਕੇ ਸਾਰੇ ਲੜਕਿਆਂ ਦੇ ਸਾਹਮਣੇ ਸਮਝਾਂਦੇ ਸਨ। ਇਹੋ ਜਿਹੇ ਪਰਚਾਰ ਦੇ ਕਾਰਨ ਸਿਖ ਨੌਜਵਾਨਾਂ ਦੀ ਬਹੁ-ਗਿਣਤੀ ਸਿਨਮਾ-ਘਰਾਂ ਵਿਚ ਜਾਣ ਤੋਂ ਸੰਕੋਚ ਕਰਦੀ ਸੀ। ਪਰ ਭਲਾ ਹੋਵੇ ਸਚਖੰਡ-ਵਾਸੀ ਸੰਤ ਫਤਹ ਸਿੰਘ ਜੀ, ਸੰਤ ਚੰਨਣ ਸਿੰਘ ਜੀ ਅਤੇ ਉਹਨਾਂ ਦੇ ਸਭ ਤੋਂ ਵਡੇ ਪੈਰੋਕਾਰ ਸਕੱਤਰ ਸ਼ਰੋਮਣੀ ਕਮੇਟੀ ਦਾ, ਜਿਨ੍ਹਾਂ ਨੇ ਫ਼ਿਲਮ ਕੰਪਨੀਆਂ ਨਾਲ ਗਠਜੋੜ ਕਰ ਕੇ ਆਪਣਾ ਸੁਆਰਥ ਤਾਂ ਪੂਰਾ ਕਰ ਲਿਆ, ਪਰ ਨਾਲ ਹੀ ਸਿਖ ਫ਼ਿਲਮਾਂ ਬਨਾਣ ਦੀ ਆਗਿਆ ਸ਼ਰੋਮਣੀ ਕਮੇਟੀ ਕੋਲੋਂ ਦਿਵਾ ਕੇ ਸਿਖ ਨੌਜਵਾਨਾਂ ਨੂੰ ਨ ਕੇਵਲ ਕੁਰਾਹੇ ਪਾਇਆ ਸਗੋਂ ਸਿਖ ਇਤਿਹਾਸ ਅਤੇ ਸਿਖੀ ਪਰੰਪਰਾ ਮਿਟੀ ਵਿਚ ਰੋਲ ਦਿਤੀ। ੧੯੬੯ ਤੋਂ ਲੈ ਕੇ ਅਜ ਤਕ ਅਸੀਂ ਵੇਖ ਰਹੇ ਹਾਂ ਕਿ ਸਿਨਮਾ-ਘਰਾਂ ਦੇ ਅਗੇ ਬਹੁਤੀ ਭੀੜ ਸਿਖ ਪ੍ਰਵਾਰਾਂ ਦੀ ਹੀ ਹੁੰਦੀ ਹੈ। ਜਦ ਤੋਂ 'ਨਾਨਕ ਨਾਮ ਜਹਾਜ ਹੈ' ਤੇ ਉਸ ਤੋਂ ਪਿਛੋਂ ਹੋਰ ਬਣੀਆਂ, ਜੋ ਲੋਕ ਫਿਲਮਾਂ ਵੇਖਣ ਤੋਂ ਵਰਜਦੇ ਸਨ, ਅਜ ਉਹ ਆਪ ਅਜਿਹੇ ਫ਼ਿਲਮੀ ਚਸਕੇ ਵਿਚ ਫਸੇ ਹਨ ਕਿ ਉਹ ਕੋਈ ਫ਼ਿਲਮ ਦੇਖਣ ਤੋਂ ਸੰਕੋਚ ਨਹੀਂ ਕਰਦੇ। ਉਹਨਾਂ ਦੇ ਪਰਿਵਾਰਾਂ ਦੇ ਨਾਲ ਨੌਜਵਾਨ ਲੜਕੇ ਲੜਕੀਆਂ ਨੇ ਵੀ ਸਿਨਮਾ-ਘਰਾਂ ਵਲ ਮੂੰਹ ਕਰ ਲਿਆ ਹੈ।

ਰਹਿੰਦੀ-ਖਹਿੰਦੀ ਕਸਰ ਸ਼ਰੋਮਣੀ ਕਮੇਟੀ ਨੇ ਧਾਰਮਿਕ ਫ਼ਿਲਮਾਂ, ਪਰਚਾਰ ਲਈ ਆਪ ਤਿਆਰ ਕਰਵਾ ਕੇ ਪੂਰੀ ਕਰ ਦਿਤੀ। ਇਹ ਫ਼ਿਲਮਾਂ ਸ਼ਹਿਰਾਂ ਤੇ ਨਗਰਾਂ ਦੇ ਗੁਰਦਵਾਰਿਆਂ ਵਿਚ ਮੁਫਤ ਵਿਖਾਈਆਂ ਜਾਂਦੀਆਂ ਹਨ। ਜਿਸਦਾ ਅਸਰ ਇਹ ਹੋਇਆ ਹੈ ਕਿ ਸਿਖ ਜਨਤਾ ਦਾ ਸਾਰਾ ਨਹੀਂ ਤਾਂ ਬਹੁਤ ਵਡਾ ਹਿੱਸਾ ਸਿਨਮਾ-ਘਰਾਂ ਵਿਚ ਧਾਰਮਿਕ ਅਤੇ ਗੁਰਬਾਣੀ ਦੇ ਨਾਮ ਹੇਠ ਬਣੀਆਂ ਫ਼ਿਲਮਾਂ ਬੜੇ ਉਤਸ਼ਾਹ ਨਾਲ ਵੇਖਣ ਜਾਂਦਾ ਹੈ। ਇਸਦੇ ਸਿਟੇ ਵਜੋਂ ਉਹਨਾਂ ਦਾ ਝੁਕਾ ਫ਼ਿਲਮਾਂ ਵਲ ਵਧ ਗਿਆ ਹੈ। ਇਸ ਕਰਕੇ ਸਿਖ ਘਰਾਣੇ ਹੁਣ ਆਪਣੇ ਬੱਚਿਆਂ ਨੂੰ ਫ਼ਿਲਮਾਂ ਵੇਖਣ ਤੋਂ ਕਿਵੇਂ ਰੋਕਣ ਜਦ ਉਹ ਆਪ ਹੀ ਇਸ ਪਾਸੇ ਟੁਰ ਪਏ ਹਨ। ਧਾਰਮਿਕ ਫ਼ਿਲਮਾਂ ਦੇ ਨਾਮ ਹੇਠ ਦੂਸਰੀਆਂ ਫ਼ਿਲਮਾਂ ਦੇਖਣ ਦਾ ਨੌਜਵਾਨਾਂ ਨੂੰ ਖੁਲ੍ਹਾ ਮੌਕਾ ਮਿਲ ਗਿਆ ਹੈ। ਹੁਣ ਕਿਸੇ ਧਾਰਮਕ ਦੀਵਾਨ ਵਿਚ ਕੋਈ ਰਾਗੀ ਪ੍ਰਚਾਰਕ ਸੰਤ ਮਹਾਂ ਪੁਰਸ਼ ਫ਼ਿਲਮਾਂ ਵੇਖਣ ਤੋਂ ਸਿਖ ਜਨਤਾ ਨੂੰ ਵਰਜਦਾ ਹੀ ਨਹੀਂ। ਫ਼ਿਲਮਾਂ ਦੇ ਵਿਰੁਧ ਕਿਸੇ ਸਿਖ ਆਗੂ ਦੀ ਜ਼ਬਾਨ ਹੁਣ ਖੁਲ੍ਹਦੀ ਹੀ ਨਹੀਂ। ਇਸ ਲਈ ਸਿਖ ਨੌਜਵਾਨ ਗੁਰਦੁਆਰੇ ਜਾਣ ਤੋਂ ਕੰਨੀਂ ਕਤਰਾਣ ਲਗ ਪਏ ਹਨ। ਜਿਸ ਵੇਲੇ ਵੇਖੋ ਸਿਨਮਾ-ਘਰਾਂ ਅਗੇ ਬਹੁਤੀ ਭੀੜ ਸਿਖਾਂ ਦੀ ਹੀ ਨਜ਼ਰ ਪੈਂਦੀ ਹੈ। ਸਵਰਗਵਾਸੀ ਆਗੂਆਂ ਦੀ ਗ਼ਲਤੀ ਨੂੰ ਦਰੁਸਤ ਕਰਨ ਦੀ ਥਾਂ ਮੌਜੂਦਾ ਆਗੂ ਬੜੇ ਉਤਸ਼ਾਹ ਨਾਲ ਫ਼ਿਲਮ-ਕੰਪਨੀਆਂ ਨਾਲ ਗਠਜੋੜ ਕਰ ਕੇ ਨਵੀਆਂ ਫ਼ਿਲਮਾਂ ਬਣਵਾ ਰਹੇ ਹਨ। ਸਿਨਮੇ ਦੇ ਪ੍ਰਭਾਵ ਨੇ ਬਹੁਤੇ ਨੌਜਵਾਨਾਂ ਨੂੰ ਆਚਰਨ-ਹੀਣ ਤੇ ਦਾੜ੍ਹੀ ਕੇਸਾਂ ਦੀ ਬੇਅਦਬੀ ਕਰਨ ਅਤੇ ਸ਼ਰਾਬ ਪੀਣ ਤੇ ਵਿਸ਼ੇ ਵਿਕਾਰਾਂ ਵਲ ਪਰੇਰਿਤ ਕੀਤਾ ਹੈ।

[੧੫-੪-੭੫, ਗੁਰਮਤਿ ਵੀਚਾਰ ਪਤ੍ਰਕਾ ਜਲੰਧਰ

---

## ਸ੍ਰੀ ਅੰਮ੍ਰਿਤਸਰ ਵਿਖੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ ਸਮਾਗਮ

੧੦ ਮਈ ਸ਼ਨੀਵਾਰ ਦੀ ਰਾਤ ਨੂੰ **549** ਰਣਜੀਤ ਐਵੀਨੀਊ, ਈਸਟ ਮੋਹਨ ਨਗਰ, ਬੈਰੂਨ ਸੁਲਤਾਨਵਿੰਡ ਗੇਟ, ਅੰਮ੍ਰਿਤਸਰ ਵਿਖੇ ਸਮਾਗਮ ਹੋਣਗੇ। ਅਭਿਲਾਖੀ ਸਜਣ ਪੁਜ ਕੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਜੀ।

www.AKJ.Org

# ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ

[ ਵਲੋਂ—ਗਿਆਨੀ ਤ੍ਰਿਲੋਕ ਸਿੰਘ ਜੀ ]

ਨਵੀਂ ਦਿੱਲੀ ਤੋਂ ਦਸ ਕੁ ਮੀਲ ਪਰੇ ਦੱਖਣ ਵਲ ਇਤਿਹਾਸਕ ਮੁਨਾਰਾ ਕੁਤਬ ਦੀ ਲਾਠ ਹੈ। ਇਹ ਕਿਸੇ ਪੁਰਾਣੇ ਹਿੰਦੂ ਰਾਜੇ ਦੇ ਸ਼ਾਹੀ ਕਿਲ੍ਹੇ ਦੀ ਯਾਦ ਹੈ। ਪਰ ਜਦੋਂ ਮੁਸਲਮਾਨਾਂ ਨੇ ਦਿਲੀ 'ਤੇ ਕਬਜ਼ਾ ਕੀਤਾ ਤੇ ਹਿੰਦੂਆਂ ਨੂੰ ਮੁਸਲਮਾਨ ਬਣਾਇਆ ਤਦੋਂ ਇਸ ਲਾਠ ਨੂੰ ਵੀ ਕਲਮਾ ਪੜ੍ਹਾ ਲਿਆ ਜਾਪਦਾ ਹੈ। ਉਨ੍ਹਾਂ ਨੇ ਇਸ ਉਤੇ ਈਰਾਨੀ ਸਭਿਅਤਾ ਦੀ ਮੀਨਾਕਾਰੀ ਕੀਤੀ, ਕੁਰਾਨ ਸ਼ਰੀਫ਼ ਦੀਆਂ ਆਇਤਾਂ ਉਕਰੀਆਂ ਤੇ ਖ਼ਵਾਜਾ ਕੁਤਬ ਦੀਨ ਬਖ਼ਤਾਰੀਆ ਕਾਕੀ ਦਾ ਉਥੇ ਮਕਬਰਾ ਬਣਾ ਕੇ ਉਸ ਦਾ ਨਾਂ 'ਕੁਤਬ ਮੀਨਾਰ' ਰੱਖ ਦਿਤਾ। ਇਸ ਕੁਤਬ ਮੀਨਾਰ ਨੇ ਜਿਥੇ ਹਿੰਦੂ ਰਾਜ ਦਾ ਇਕਬਾਲ ਤੇ ਜ਼ੁਆਲ ਤੱਕਿਆ ਸੀ, ਉਥੇ ਮੁਗਲ ਰਾਜ ਦਾ ਚਮਕਦਾ ਸਿਤਾਰਾ ਤੇ ਫਿਰ ਬਰਬਾਦੀ ਵੀ ਦੇਖੀ। ਪਰ ਇਸ ਲਾਠ ਨੇ ਜੋ ਕੌਤਕ ੧੯ ਜੂਨ ੧੭੧੬ ਨੂੰ ਆਪਣੇ ਪੈਰਾਂ ਹੇਠ ਹੁੰਦਾ ਵਰਤੀਂਦਾ ਵੇਖਿਆ, ਉਹ ਬਹੁਤ ਹੀ ਭਿਆਨਕ ਤੇ ਦਿਲ ਕੰਬਾਉ ਸੀ।

ਇਹ ਸਾਕਾ ਸੀ ਬੰਦਾ ਸਿੰਘ ਬਹਾਦਰ ਤੇ ਉਸ ਦੇ ਸਾਥੀਆਂ ਦੀ ਸ਼ਹੀਦੀ ਦਾ ਤਮਾਸ਼ਾ। ੧੮ ਜੂਨ ਨੂੰ ਸਾਰੇ ਸ਼ਹਿਰ ਵਿਚ ਇਤਲ਼ਾਹ ਦਿੱਤੀ ਗਈ ਕਿ ਗੁਰੂ ਬੰਦਾ ਸਿੰਘ ਤੇ ਉਸ ਦੇ ਸਾਥੀਆਂ ਨੂੰ ਬਾਦਸ਼ਾਹ ਵਿਰੁੱਧ ਜੰਗ ਕਰਨ ਦੇ ਦੋਸ਼ ਵਿਚ ਸਜ਼ਾ ਦਿੱਤੀ ਜਾਏਗੀ। ਬਾਦਸ਼ਾਹ ਸਲਾਮਤ ਦਾ ਹੁਕਮ ਹੈ ਕਿ ਦਿੱਲੀ ਦੀ ਪਰਜਾ ਹੁਮ-ਹੁਮਾ ਕੇ ਖ਼ਵਾਜਾ ਕੁਤਬਦੀਨ ਦੇ ਮਕਬਰੇ ਕੋਲ ਪੁਜੇ। ਇਬਰਾਹੀਮ ਖ਼ਾਨ ਮੀਰ ਆਤਿਸ਼ ਅਤੇ ਸਰਬਰਾਹ ਖ਼ਾਨ ਕੋਤਵਾਲ ਇਸ ਤਮਾਸ਼ੇ ਦੇ ਪਰਬੰਧਕ ਥਾਪੇ ਗਏ।

ਬੰਦਾ ਸਿੰਘ ਬਹਾਦਰ, ਤੇ ਉਸ ਦੇ ਸਾਥੀਆਂ ਭਾਈ ਬਾਜ ਸਿੰਘ ਤੇ ਫ਼ਤਹ ਸਿੰਘ ਆਦਿਕ ਨੂੰ ਤ੍ਰਿਪੋਲੀਆ ਦੇ ਬੰਦੀਖ਼ਾਨਿਆਂ ਵਿਚੋਂ ਬਾਹਰ ਕਢਿਆ ਗਿਆ। ਬੰਦਾ ਸਿੰਘ ਨੂੰ ਉਹੋ ਸੁਨਹਿਰੀ ਚੋਲਾ ਪਾਇਆ ਗਿਆ, ਜੋ ਦਿੱਲੀ ਵਿਚ ਦਾਖ਼ਲ ਹੋਣ ਵੇਲੇ ਪਾਇਆ ਹੋਇਆ ਸੀ। ਉਹ ਬੰਦ ਪਿੰਜਰੇ ਵਿਚ ਹੀ ਬੰਦ ਸੀ। ਉਹਦਾ ਪਿੰਜਰਾ ਹਾਥੀ ਉਤੇ ਰੱਖ ਦਿਤਾ ਗਿਆ। ਬਾਕੀ ਦੇ ਸਿੰਘਾਂ ਇਕ ਗੱਡੇ ਉਤੇ ਬਿਠਾ ਦਿਤਾ ਗਿਆ। ਅਗੇ ਪਿ ਅਨਗਿਣਤ ਮੁਗਲ ਫ਼ੌਜ ਦੇ ਸਿਪਾਹੀ ਸਨ। ਲਾਲ ਕਿ ਤੋਂ ਜਲੂਸ ਦੀ ਸ਼ਕਲ ਵਿਚ ਇਨ੍ਹਾਂ ਨੂੰ ਮੀਰ ਆਤਿ ਨੇ ਤੋਰਿਆ। ਜਦੋਂ ਜਲੂਸ ਚਾਂਦਨੀ ਚੌਕ ਦੀ ਕੋਤਵ ਕੋਲ ਪੁਜਾ ਤਾਂ ਸਿੰਘਾਂ ਦੇ ਹਿਰਦੇ ਗੁਰੂ-ਚਰਨਾਂ ਜੁੜੇ ਹੋਏ ਕਹਿ ਰਹੇ ਸਨ, ਪਾਤਸ਼ਾਹ ਪਿਤਾ, ਡਿ ਡੋਲਣ ਤੋਂ ਹੱਥ ਦੇ ਕੇ ਰਖੀਂ।

ਦਿੱਲੀ ਸ਼ਹਿਰ ਦੇ ਸਾਰੇ ਵੱਡੇ ਬਜ਼ਾਰਾਂ ਦੇ ਵਿ ਫਿਰਦਾ ਹੋਇਆ ਅਜ਼ਾਦੀ ਦੇ ਪਰਵਾਨਿਆਂ ਦਾ ਜਲੂਸ ਕੁਤਬ ਮੀਨਾਰ ਕੋਲ ਪੁਜਾ। ਉਥੇ ਬਾ ਸ਼ਾਹ ਆਲਮ, ਬਹਾਦਰ ਸ਼ਾਹ ਦੀ ਕੱਬਰ ਹੈ ਕਬਰ ਦੇ ਚੌਗਿਰਦੇ ਫੇਰ ਕੇ ਬੰਦਾ ਸਿੰਘ ਨੂੰ ਹਾਥੀ ਹੇਠਾਂ ਉਤਾਰ ਦਿਤਾ ਗਿਆ। ਬੰਦਾ ਸਿੰਘ ਬਹਾ ਚਿਹਰੇ ਤੇ ਇਕ ਨਿਰਾਲੀ ਚਮਕ, ਅੱਖਾਂ ਵਿਚ ਮ ਮੱਥੇ ਉਤੇ ਖੇੜਾ ਸੀ।

ਇਬਰਾਹੀਮ ਖ਼ਾਨ ਅਗੇ ਹੋਇਆ ਤੇ "ਆਪਣੇ ਆਪ ਨੂੰ ਗੁਰੂ ਦਾ ਬੰਦਾ ਸਮਝਣ ਵ ਪਤਾ ਹੋਣਾ ਚਾਹੀਦਾ ਹੈ ਕਿ ਹੁਣ ਤੂੰ ਅਬੁਲ ਮੁਅਈਉਦੀਨ ਮੁਹੰਮਦ ਫ਼ਰਖ਼ਸੀਅਰ ਬਾ ਹੁਕਮ ਨਾਲ ਕਤਲ ਕੀਤਾ ਜਾ ਰਿਹਾ ਹੈਂ। ਵਿਰੁੱਧ ਤੂੰ ਬਗ਼ਾਵਤ ਕੀਤੀ ਹੈ ਅਤੇ ਬਾਗੀ ਮੌਤ ਦਿਤੀ ਜਾਂਦੀ ਹੈ। ਪਰ ਆਲਮ ਪਨਾ ਕੁਝ ਮਿਹਰਬਾਨੀ ਕਰ ਕੇ ਤੇਰੀ ਸਜ਼ਾਏ-ਮੌਤ ਕਰਨ ਨੂੰ ਤਿਆਰ ਹਨ, ਜੇ ਤੂੰ ਇਸਲਾਮ ਵਾਸਤੇ ਤਿਆਰ ਹੋ ਜਾਏਂ। ਸੋ ਤੇਰੇ ਸਾਹਮ ਹਾਜ਼ਰ ਹਨ : ਇਸਲਾਮ ਤੇ ਮੌਤ। ਦਸ, ਕਿਸ ਨੂੰ ਕਬੂਲਣਾ ਈ ?"

"ਮੌਤ ਨੂੰ!" ਬੰਦਾ ਸਿੰਘ ਨੇ ਉੱਤਰ ਦਿ

"ਮੌਤ ਲੈ ਕੇ ਔਖਾ ਹੋਵੇਂਗਾ", ਇ ਆਖਿਆ।

www.AKJ.Org

ਪਹਿਲਾਂ ਉਨ੍ਹਾਂ ਬੰਦਾ ਸਿੰਘ ਦੇ ਚਾਰ ਸਾਲ ਦੇ ਬੱਚੇ ਅਜੈ ਸਿੰਘ ਨੂੰ ਉਸ ਦੀ ਅੱਖਾਂ ਸਾਹਮਣੇ ਕਤਲ ਕੀਤਾ ਅਤੇ ਬੱਚੇ ਦਾ ਦਿਲ ਕਢ ਕੇ ਬਾਪ ਦੇ ਮੂੰਹ ਵਿਚ ਦਿਤਾ ਗਿਆ।

ਇਬਰਾਹੀਮ ਖ਼ਾਨ ਆਪ ਪਿਛੇ ਹੱਟ ਗਿਆ। ਜੱਲਾਦ ਨੂੰ ਹੁਕਮ ਦਿੱਤਾ, ਜਿਸ ਨੇ ਚਾਕੂ ਦੀ ਨਸ਼ਤਰ ਨਾਲ ਪਹਿਲਾਂ ਇਸ ਦੀ ਸੱਜੀ ਅੱਖ ਕਢੀ ਤੇ ਫਿਰ ਖੱਬੀ। ਅਖਾਂ ਕਢਣ ਤੋਂ ਬਾਅਦ ਜਲਾਦ ਨੇ ਬੰਦਾ ਸਿੰਘ ਦੇ ਖੱਬੇ ਪੈਰ ਨੂੰ ਲੱਤ ਨਾਲੋਂ ਵਖਰਿਆਂ ਕਰ ਦਿਤਾ।

ਉਪਰੰਤ ਲੋਹੇ ਦਾ ਪਿੰਜਰਾ ਮੰਗਵਾਇਆ ਗਿਆ। ਉਸ ਵਿਚ ਬੰਦਾ ਸਿੰਘ ਨੂੰ ਇਕ ਲਤ ਦੇ ਭਾਰ ਖੜਾ ਕਰ ਦਿਤਾ ਗਿਆ ਤੇ ਸਿਰ ਦੇ ਕੇਸ ਉਪਰ ਬੰਨ੍ਹ ਦਿਤੇ ਗਏ ਤਾਕਿ ਹੇਠਾਂ ਨਾ ਡਿਗ ਸਕੇ। ਪਿੰਜਰੇ ਤੋਂ ਪੰਜ ਕੁ ਗਜ਼ ਦੂਰ ਅੱਗ ਬਾਲੀ ਗਈ। ਉਸ ਅੱਗ ਵਿਚ ਕੁੰਡੀਆਂ ਵਾਲੀਆਂ ਲੰਮੀਆਂ ਸੀਖਾਂ ਗਰਮ ਕੀਤੀਆਂ ਗਈਆਂ। ਉਨ੍ਹਾਂ ਸੀਖਾਂ ਦੇ ਕੁੰਡੇ ਅੱਗ ਰਪ ਲਾਲ ਹੋ ਗਏ ਤਾਂ ਜੱਲਾਦ ਨੂੰ ਹੁਕਮ ਹੋਇਆ ਕਿ ਉਹ ਬੰਦਾ ਸਿੰਘ ਦੇ ਸਰੀਰ ਦਾ ਮਾਸ ਨੋਚੇ। ਉਨ੍ਹਾਂ ਕੁੰਡਿਆਲੀਆਂ ਅੱਗ-ਵਰਸਾਂਦੀਆਂ ਸੀਖਾਂ ਨਾਲ ਛਾਤੀ, ਪਸਲੀਆਂ, ਪੇਟ, ਪੱਟਾਂ ਅਤੇ ਲੱਕ ਵਿਚੋਂ ਮਾਸ ਦੀਆਂ ਬੋਟੀਆਂ ਖਿਚੀਆਂ ਜਾਣ ਲਗੀਆਂ। ਜਿਉਂ ਹੀ ਅੱਗ ਵਿਚੋਂ ਕੱਢ ਕੇ ਅੰਗਿਆਰੇ ਸੁਟਦੀਆਂ ਸੀਖਾਂ ਮਾਸ 'ਤੇ ਰਖੀਆਂ ਜਾਂਦੀਆਂ ਤਾਂ ਮਾਸ ਤਿੜ ਤਿੜ ਕਰਦਾ, ਤੇ ਲਹੂ ਸੜ ਕੇ ਹੇਠਾਂ ਚੋਂਦਾ ਜਾਂਦਾ, ਅਤੇ ਸੀਖਾਂ ਅੰਦਰ ਧਸ ਕੇ ਠੰਢੀਆਂ ਹੋ ਜਾਂਦੀਆਂ। ਫਿਰ ਕਸਾਈ ਜੱਲਾਦ ਜ਼ੋਰ ਦੀ ਉਹ ਸੀਖਾਂ ਖਿਚ ਲੈਂਦਾ ਤੇ ਉਹਨਾਂ ਦੀ ਥਾਵੇਂ ਹੋਰ ਤਪਦੀਆਂ ਤੇ ਭਖ-ਦੀਆਂ ਸੀਖਾਂ ਭੱਠੀ ਚੋਂ ਕਢ ਕੇ ਨੰਗੇ ਪਿੰਡੇ ਵਿਚ ਖੋਭ ਦਿੰਦਾ। ਲਹੂ-ਨਿਚੜਿਆ ਮਾਸ ਸੁਕ ਕੇ ਕੋਲੇ ਵਾਂਗ ਕਾਲਾ ਪੈਂਦਾ ਜਾਂਦਾ ਸੀ। ਪਰ ਬੰਦਾ ਸਿੰਘ ਸ਼ਾਂਤ ਤੇ ਅਡੋਲ ਖਲੋਤਾ ਰਿਹਾ। ਇਸ ਤਰ੍ਹਾਂ ਚੋਖਾ ਚਿਰ ਮਾਸ ਨੁਚੀਂਦਾ ਰਿਹਾ।

ਲਹੂ ਚੋ ਗਿਆ। ਮਾਸ ਨੋਚਿਆ ਗਿਆ। ਤਨ ਵਿਚ ਜਾਨ ਕਿੰਨਾ ਕੁ ਚਿਰ ਰਹਿਣੀ ਸੀ! ਅਾਖ਼ਰ ਕਲਬੂਤ ਨੂੰ ਛੱਡ ਕੇ ਭੌਰ ਉੱਡ ਗਿਆ। ਜ਼ਾਲਮ ਨੇ ਅਹਿਲ ਤਨ ਨੂੰ ਦੇਖ ਕੇ ਮਲੂਮ ਕੀਤਾ ਕਿ ਹੁਣ ਮਾਸ ਨੋਚਣਾ ਫ਼ਜ਼ੂਲ ਹੈ ਤਾਂ ਜੱਲਾਦਾਂ ਨੂੰ ਹੁਕਮ ਦਿਤਾ ਕਿ ਤਨ ਨੂੰ ਪਿੰਜਰੇ ਵਿਚੋਂ ਬਾਹਰ ਕਢ ਦਿਉ। ਜਿਸ ਵੇਲੇ ਤਨ ਬਾਹਰ ਰਖਿਆ ਗਿਆ ਤਾਂ ਜੱਲਾਦ ਦੀ ਬਿਜਲੀ ਵਾਂਗ ਲਿਸ਼ਕਦੀ ਤਲਵਾਰ ਨੇ ਸਿਰ ਨੂੰ ਧੜ ਨਾਲੋਂ ਵਖ ਕਰ ਦਿਤਾ।

ਭਾਈ ਬਾਜ ਸਿੰਘ, ਫ਼ਤਹ ਸਿੰਘ, ਰਾਮ ਸਿੰਘ ਤੇ ਬਖ਼ਸੀ ਗੁਲਾਬ ਸਿੰਘ ਜੀ ਆਦਿਕ ਸਿੰਘਾਂ ਨੂੰ ਵੀ ਉਸੇ ਵੇਲੇ ਕਤਲ ਕਰ ਦਿਤਾ ਗਿਆ।

ਇਨ੍ਹਾਂ ਸੂਰਬੀਰ ਸ਼ਹੀਦ ਸਿੰਘਾਂ ਦੇ ਸਰੀਰਾਂ ਨੂੰ ਸ਼ਹਿਰ ਦੇ ਚੌਗਿਰਦੇ ਰੁਖਾਂ ਨਾਲ ਟੰਗ ਦਿਤਾ ਗਿਆ, ਤਾਕਿ ਕਾਂ ਕੁੱਤੇ ਤੇ ਗਿਰਝਾਂ ਇਨ੍ਹਾਂ ਦੇ ਮਾਸ ਨੂੰ ਚੂੰਡ ਚੂੰਡ ਕੇ ਖਾਣ। ਲੋਕ ਰਤ ਦੇ ਹੰਝੂ ਕੇਰਦੇ ਘਰਾਂ ਨੂੰ ਮੁੜ ਗਏ।

★

---

## ਮਾਤਾ ਗੁਰਬਚਨ ਕੌਰ ਜੀ ਦਾ ਅਕਾਲ ਚਲਾਣਾ

ਮਾਤਾ ਗੁਰਬਚਨ ਕੌਰ ਜੀ ਲਾਰੰਸ ਰੋਡ, ਸ੍ਰੀ ਅੰਮ੍ਰਿਤਸਰ ੨੫ ਅਪਰੈਲ ੧੯੭੫ ਦੀ ਸ਼ਾਮ ਨੂੰ ਕਰੜੀ ਘਾਲ ਘਾਲ ਕੇ ਗੁਰਮਤਿ ਰਹਿਤ ਰਹਿਣੀ ਵਿਚ ਰਹਿੰਦਿਆਂ ਹੋਇਆਂ, ਆਖ਼ਰੀ ਦਮ ਤਕ ਸਿਖੀ ਸਿਦਕ ਵਿਚ ਰਹਿ ਕੇ ਪਰਲੋਕ ਪਿਆਨੇ ਕਰ ਗਏ ਹਨ। ਉਹਨਾਂ ਦੇ ਨਮਿਤ ੧੬ ਮਈ ਸ਼ੁਕਰਵਾਰ ਨੂੰ ਸ੍ਰੀ ਅਖੰਡਪਾਠ ਰਖ ਕੇ ੧੮ ਮਈ ਐਤਵਾਰ ਨੂੰ ਭੋਗ ਤੋਂ ਉਪਰੰਤ ਆਸਾ ਦੀ ਵਾਰ ਦੇ ਕੀਰਤਨ ਹੋਣਗੇ। ਗੁਰਸਿਖ ਸੰਗਤਾਂ ਸਮਾਗਮ ਵਿਚ ਅਤੇ ਅਰਦਾਸ ਵਿਚ ਸ਼ਾਮਲ ਹੋ ਕੇ ਵਿਛੜੀ ਰੂਹ ਨੂੰ ਅਸੀਸੜੀਆਂ ਬਖ਼ਸ਼ੋ ਜੀ।

ਇਹ ਪ੍ਰੋਗਰਾਮ ਉਨ੍ਹਾਂ ਦੀ ਕੋਠੀ ੯-ਦਯਾਨੰਦ ਨਗਰ, ਲਾਰੰਸ ਰੋਡ, ਸ੍ਰੀ ਅੰਮ੍ਰਿਤਸਰ ਵਿਖੇ ਹੋਣਗੇ।

ਦਾਸਰੇ—ਅਖੰਡ ਕੀਰਤਨੀ ਜੱਥਾ, ਸ੍ਰੀ ਅੰਮ੍ਰਿਤਸਰ



www.AKJ.Org

# ਸੂਫ਼ੀ ਵੰਨਗੀਆਂ

(੧) ਪ੍ਰੋਫੈਸਰ ਮੋਹਨ ਸਿੰਘ ਦੇ "ਰੱਬ ਇਕ ਗੁੰਝਲਦਾਰ ਬੁਝਾਰਤ" ਨਾਲ ਕਵੀ ਅਸਹਿਮਤ ਹੁੰਦਾ ਹੋਇਆ, ਰੱਬ ਬਾਰੇ ਆਪਣਾ ਆਤਮਕ ਤਜਰਬਾ ਬਿਆਨ ਕਰਦਾ ਹੈ—

ਨਾ ਰੱਬ ਗੁੰਝਲਦਾਰ ਬੁਝਾਰਤ, ਨਾ ਰੱਬ ਗੋਰਖ-ਧੰਦਾ, ਸਾਜ ਵਜੰਦਾ।
ਨਾ ਰੱਬ ਕਲਾ ਮਰੋੜੀ ਘੁੰਡੀ, ਨਾ ਵਿਚ ਪੇਚ ਦਿਸੰਦਾ, ਨਾ ਰੱਬ ਜੰਦਾ।
ਸਮਝਣ ਲਗਿਆਂ ਏਸ ਵਸਤ ਨੂੰ, ਕਾਫ਼ਰ ਬਣੇ ਨਾ ਮੰਦਾ, ਮੋਮਨ ਬੰਦਾ।
ਸੂਫ਼ੀ ਰੱਬ ਸੁਖਾਲਾ ਸਭ ਤੋਂ, ਸਮਝੇ ਸੁਖੀ ਵਸੰਦਾ, ਸਮਝ ਰਖੰਦਾ।੧੪੦।

(੨) ਸਾਦੇ ਤੇ ਸੰਜਮੀ ਜੀਵਨ ਦੀ ਘਾਟ ਨੂੰ ਮਹਿਸੂਸ ਕਰ ਕੇ ਸੂਫ਼ੀ ਜੀ ਲਿਖਦੇ ਹਨ—

ਗਈ ਸਾਦਗੀ ਜੀਵਨ ਵਿਚੋਂ, ਚਟਕ ਮਟਕ ਮਨ ਆਈ, ਭਟਕ ਸਮਾਈ।
ਮਖਣ ਦੁੱਧ ਗਿਆ ਉੱਡ ਦੇਸੋਂ, ਲਭੇ ਤੇਲ ਖਟਾਈ, ਤੇ ਨਕਟਾਈ।
ਸਿਲਮ ਸਿਤਾਰਾ ਸਿਨਮਾ ਅੰਦਰ, ਵਸੇ ਚੰਚਲਤਾਈ, ਜੋ ਦੁਖਦਾਈ।
ਸੂਫ਼ੀ ਬਲ ਸ਼ਕਤੀ ਹਰਿ ਭਗਤੀ, ਉੱਡ ਗਈ ਪਰ ਲਾਈ, ਦੇ ਦਿਖਾਈ।੩੫੨।
ਗਦੇ ਵੱਜਣ ਰੀਕਾਰਡ ਘਰਾਂ ਵਿਚ, ਵੇਖ ਸਮੇਂ ਦੀਆਂ ਕਾਰਾਂ, ਕਰਾਂ ਵਿਚਾਰਾਂ।
ਸਭ ਪਰਵਾਰ ਵੇਖਦਾ ਸਿਨਮਾ, ਗੰਦੇ ਗੀਤ ਹਜ਼ਾਰਾਂ, ਵਿਚ ਬਾਜ਼ਾਰਾਂ।
ਧਰਮ ਸ਼ਰਮ, ਸ਼ੁਭ ਕਰਮ ਮਿਟੇ ਸਭ, ਮੁੜੀਆਂ ਨਹੀਂ ਮੁਹਾਰਾਂ, ਦੁਖ ਚਿਤਾਰਾਂ।
ਸੂਫ਼ੀ ਸਿਦਕ ਯਕੀਨ ਗਿਆ ਹੁਣ, ਖੜਕ ਗਈਆਂ ਜਗ ਤਾਰਾਂ, ਕਿਵੇਂ ਬਹਾਰਾਂ।੩੫੩।

(੩) ਪਤੀ-ਪਤਨੀ ਦਾ ਇਕ ਰੂਪ ਤੇ ਇਕ ਖ਼ਿਆਲ ਹੋਣਾ ਹੀ ਸਹੀ ਜੀਵਨ ਹੈ—

ਪੁਰਖ ਨਾਰ ਦੋ ਜੋੜਾ ਜਗ ਵਿਚ, ਜੋ ਜੁੜ ਕੇ ਦਿਨ ਕੱਟਣ, ਲੱਖਾਂ ਵੱਟਣ।
ਜੋਗ ਭੋਗ ਦੀ ਬੇੜੀ ਚੜ੍ਹ ਕੇ, ਤਰਨ ਜਵਾਨੀ-ਪੱਤਣ, ਵਿਚ ਸੁਹੱਪਣ।
ਸੁਖ-ਸਾਗਰ ਵਿਚ ਤਾਰੀ ਲਾ ਕੇ, ਲਾਲ ਅਮੋਲਕ ਖੱਟਣ, ਤੇ ਦੁੱਖ ਪੱਟਣ।
ਸੂਫ਼ੀ ਭੇਦ ਮਿਟਾ ਕੇ ਮਨ 'ਚੋਂ, ਵਿਚ ਅਭੇਦ ਪਲੱਟਣ, ਅੰਮ੍ਰਿਤ ਚੱਟਣ।੨੮੫।

(੪) ਜੀਵਨ ਇਕ ਅਨਮੋਲ ਰਤਨ ਹੈ, ਜਿਸ ਨੂੰ ਕੌਡਾਂ ਦੇ ਭਾ ਗੁਆਇਆ ਜਾ ਰਿਹਾ ਹੈ—

ਜੀਵਨ ਸੀ ਅਨਮੋਲ ਰਤਨ ਇਕ, ਹਾਰ ਦਿੱਤਾ ਇਕ ਦਾਅ ਵਿਚ, ਮੂਰਖਤਾ ਵਿਚ।
ਜੀਵਨ ਬੀਤ ਗਿਆ ਸਭ ਐਵੇਂ, ਖੇਡਣ ਦੇ ਨਿਤ ਚਾਅ ਵਿਚ, ਬੁਰੀ ਅਦੱਾ ਵਿਚ।
ਘਰ ਦਾ ਸੀ ਬੇਅੰਤ ਖ਼ਜ਼ਾਨਾ, ਰੋੜ੍ਹ ਦਿਤਾ ਦਰਿਆ ਵਿਚ, ਬੁਰੇ ਸੁਭਾ ਵਿਚ।
ਸੂਫ਼ੀ ਜਨਮ ਅਮੋਲ ਗਿਆ ਵਿਕ, ਸਭ ਕੌਡੀ ਦੇ ਭੱਾ ਵਿਚ, ਵੇਖ-ਵਿਖਾ ਵਿਚ।੩੫।

(੫) ਬਹੁਤਾ ਖਾਣ ਪੀਣ ਦੀ ਵਾਦੀ ਮਾੜੀ ਹੈ। ਪਰਮਾਰਥੀਆਂ ਨੂੰ ਅਲਪ ਅਹਾਰ ਹੀ ਸ਼ੋਭਦਾ ਹੈ—

ਭਰ ਕੇ ਢਿੱਡ ਖਾਣ ਦੀ ਵਾਦੀ, ਛੱਡ ਹਮੇਸ਼ਾ ਪਿਆਰੇ, ਯਾਰ ਹਮਾਰੇ।
ਤਾਂ ਤੂੰ ਵੇਖੇਂ ਨੂਰ ਖ਼ੁਦਾ ਦਾ, ਦਿਲ ਵਿਚ ਅੰਦਰ ਸਾਰੇ, ਤਰਫਾਂ ਚਾਰੇ।
ਏਸ ਸਬੱਬ ਸਿਆਣਪ ਤੋਂ ਤੂੰ, ਖ਼ਾਲੀ ਸਦਾ ਨਕਾਰੇ, ਦੋਸ਼ ਤੁਹਾਰੇ।
ਭਰਿਆ ਦਿਸੇਂ ਨਾਸਾਂ ਤਾਈਂ, ਸੂਫ਼ੀ ਸਚ ਪੁਕਾਰੇ, ਸੋਚ ਬਿਚਾਰੇ।੩੬੧।

(੬) ਸ਼ਰਾਬੀਆਂ ਕਬਾਬੀਆਂ ਦੇ ਕੋਝੇ ਜੀਵਨ ਬਾਰੇ ਸੂਫ਼ੀ ਜੀ ਇਉਂ ਕਹਿੰਦੇ ਹਨ—

ਬੋਤਲ ਨਾਲ ਖੜਕਦੀ ਬੋਤਲ, ਵਿਚ ਪਿਆਲੀ ਖੜਕੇ, ਲਗਦੇ ਤੜਕੇ।
ਪੱਕਣ ਪਏ ਪਰੌਂਠੇ, ਫੁਲਕੇ, ਦਾਲ ਭੜੋਲੀ ਗੜ੍ਹਕੇ, ਤੇ ਦਿਲ ਧੜਕੇ।
ਘਰ ਵਿਚ ਮੁੱਕ ਅਚਾਰ ਗਿਆ ਸਭ, ਬੈਠੀ ਢਾਣੀ ਅੜ ਕੇ, ਘਰ ਵਿਚ ਦੜ ਕੇ।
ਸੂਫ਼ੀ ਗਏ ਸ਼ਰਾਬੀ ਖਾ ਪੀ, ਇਸ਼ਕ ਮਜ਼ਾਜੀ ਭੜਕੇ, ਅੰਦਰ ਵੜ ਕੇ।੨੦੮।

[ਸ: ਸਾਧੂ ਸਿੰਘ ਸੂਫ਼ੀ ਲਿਖਤ ਪੁਸਤਕ 'ਸੂਫ਼ੀ ਕਿਰਿਣਾਂ' ਵਿਚੋਂ]

www.AKJ.Org

# ਗੁਰਸਿਖੀ ਦੀ ਇਹ ਨਿਸ਼ਾਨੀ

੧. ਅੰਮ੍ਰਿਤ ਛਕ ਕੇ ਪੰਜ ਕਕਾਰੀ ਰਹਿਤ ਕਾਇਮ ਰਖ ਕੇ, ਚਾਰ ਬਜਰ ਕੁਰਹਿਤਾਂ ਤੋਂ ਬਚੇ ਰਹਿਣਾ ਸਿੱਖੀ ਦੀ ਮੁਢਲੀ ਸ਼ਰਤ ਹੈ । ਇਸ ਤੋਂ ਬਿਨਾਂ ਕਿਸੇ ਨੂੰ ਸਿਖ ਅਖਵਾਉਣ ਦਾ ਅਧਿਕਾਰ ਨਹੀਂ । ਜੇ ਕੋਈ ਅੰਮ੍ਰਿਤ ਛਕੇ ਬਗ਼ੈਰ ਹੀ ਆਪਣੇ ਆਪ ਨੂੰ ਸਿਖ ਸਮਝਦਾ ਹੈ ਤਾਂ ਉਹ ਆਪਣੇ ਆਪ ਨੂੰ ਧੋਖਾ ਦਿੰਦਾ ਹੈ, ਉਹ ਮਨ ਦਾ ਸਿਖ ਹੈ, ਗੁਰੂ ਦਾ ਸਿਖ ਨਹੀਂ ।

੨. ਅੰਮ੍ਰਿਤਧਾਰੀ ਸਿੰਘ ਸਿੰਘਣੀਆਂ ਲਈ ਸਵਾ ਪਹਿਰ ਰਾਤ ਰਹਿੰਦੀ ਜਾਗਣਾ, ਇਸ਼ਨਾਨ ਕਰਨਾ ਤੇ ਪ੍ਰਭੂ ਚਰਨਾਂ ਨਾਲ ਇਕ-ਸੁਰ ਹੋ ਕੇ ਨਾਮ ਜਪਣਾ ਅਤੇ ਫਿਰ ਘਟੋ ਘਟ ਪੰਜ ਬਾਣੀਆਂ ਦਾ ਨਿਤਨੇਮ ਕਰ ਅਤਿ ਜ਼ਰੂਰੀ ਹੈ ।

੩. ਮਨ ਦੀ ਸੁਧਾਈ ਲਈ ਸੋਚਾਂ ਵਿਚਾਰਾਂ ਤੇ ਫੁਰਨਿਆਂ ਨੂੰ ਰੋਕ ਕੇ ਰਖਣਾ ਅਤੇ ਅਠੋ ਪਹਿਰ ਸੁਰਤ ਸ਼ਬਦ ਵਿਚ ਜੋੜੀ ਰਖਣਾ ਗੁਰਮੁਖਾਂ ਦੀ ਕਾਰ ਹੈ ।

੪. ਨੇਕ ਕਮਾਈ ਅਤੇ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਨੂੰ ਹੀ ਪਰਮਾਰਥ ਦੀ ਸੋਝੀ ਪੈ ਸਕਦੀ ਹੈ ।

੫. ਮਿਠਾ ਬੋਲਣ, ਨਿਵ ਚਲਣ, ਹਥਹੁ ਦੇ ਕੇ ਭਲਾ ਮਨਾਏ ।

੬. ਬੋਲੀਐ ਸਚੁ ਧਰਮੁ, ਝੂਠੁ ਨ ਬੋਲੀਐ ॥ ਜੋ ਗੁਰੁ ਦਸੈ ਵਾਟ, ਮੁਰੀਦਾਂ ਜੋਲੀਐ ॥ [ਆਸਾ ਫ਼ਰੀਦ

---

## ਰਾਮਪੁਰ ਖੇੜਾ ਵਿਖੇ ਜਪ ਤਪ ਸਮਾਗਮ

ਡਾਕਟਰ ਪ੍ਰੀਤਮ ਸਿੰਘ ਜੀ ਦਸੂਹਾ ਇਤਲਾਹ ਦਿੰਦੇ ਹਨ ਕਿ ਪਿਛਲੇ ਸਾਲਾਂ ਵਾਂਗ ਬਾਬਾ ਹਰਨਾਮ ਜੀ ਵਲੋਂ ਗੁਰਦਵਾਰਾ ਰਾਮਪੁਰ ਖੇੜਾ ਨੇੜੇ ਗੜ੍ਹਦੀਵਾਲਾ ਜ਼ਿਲਾ ਹੁਸ਼ਿਆਰਪੁਰ ਵਿਖੇ ਜਪ ਤਪ ਸਮਾਗਮ ਹਨ । ਐਤਕੀ ੬ ਜੁਲਾਈ ਐਤਵਾਰ ਸਵੇਰ ਤੋਂ ੧੩ ਜੁਲਾਈ ਐਤਵਾਰ ਦੁਪਹਿਰ ਤਕ ਸਮਾਗਮ ਹੋਣਗੇ । ਗੁਰੂ ਗੁਰੂ-ਚਰਨਾਂ ਵਿਚ ਜੁੜਨ ਲਈ ਹਾਜ਼ਰੀਆਂ ਭਰਨ ਜੀ । ਛੋਟੇ ਬੱਚਿਆਂ ਨੂੰ ਨਾਲ ਲਿਆਉਣ ਤੋਂ ਸੰਕੋ ਜਾਵੇ ਜੀ ।

## ਕਾਨਪੁਰ ਵਿਖੇ ਅਖੰਡ ਕੀਰਤਨ ਸਮਾਗਮ

ਕਾਨਪੁਰ ਵਿਖੇ ਅਖੰਡ ਕੀਰਤਨ ਸਮਾਗਮ ੯-੧੦-੧੧ ਮਈ ੧੯੭੫ ਨੂੰ ਹੋ ਰਹੇ ਹਨ ।
ਸੰਗਤਾਂ ਹਾਜ਼ਰੀਆਂ ਭਰ ਕੇ ਦਾਸਾਂ ਨੂੰ ਨਿਵਾਜੋ ਜੀ ।

ਦਾਸਰੇ—ਅਖੰਡ ਕੀਰਤਨੀ ਜੱਥਾ,

ਪੁਛ ਗਿਛ ਲਈ—ਸ: ਆਗਿਆ ਸਿੰਘ
ਮੈਸਰਜ਼ ਆਗਿਆ ਸਿੰਘ ਤ੍ਰਿਲੋਚਨ ਸਿੰਘ
ਕਨਾਲ ਰੋਡ, ਕਾਨਪੁਰ । ਫ਼ੋਨ : 63763

## ਕੁਮਾਰ ਹੱਟੀ ਵਿਖੇ ਅਖੰਡ ਕੀਰਤਨ ਸਮਾਗਮ

ਸਿਖ ਸੰਗਤਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ... ਸਾਲਾਨਾ ਕੀਰਤਨ ਸਮਾਗਮ ੪ ਜੁਲਾਈ ਸ਼ੁਕਰਵਾਰ ਸਵੇਰ ਤੋਂ ੬ ਜੁਲਾ ... ਗੁਰ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ । (ਸ਼ਿਮਲਾ

www.AKJ.Org

# ਬਾਊ ਮਲ ਸਿੰਘ ਜੀ ਵਲੋਂ ਸੰਗਤਾਂ ਦਾ ਧੰਨਵਾਦ

ਮਾਨਯਵਰ ਬਾਊ ਜੀ ਨੂੰ ੨੧ ਮਾਰਚ ਨੂੰ ਹਾਦਸਾ ਪੇਸ਼ ਆ ਕੇ ਕਾਫ਼ੀ ਚੋਟਾਂ ਲਗੀਆਂ ਸਨ । ਉਹਨਾਂ ਦੀ ਸਿਹਤਯਾਬੀ ਲਈ ਕਈ ਥਾਈਂ ਅਖੰਡਪਾਠ ਹੋਏ, ਕਈ ਸਮਾਗਮਾਂ ਵਿਚ ਗੁਰਸਿਖ ਸੰਗਤਾਂ ਨੇ ਗੁਰੂ-ਚਰਨਾਂ ਵਿਚ ਅਰਦਾਸਾਂ ਕੀਤੀਆਂ, ਕਈ ਪਿਆਰੇ ਜ਼ਾਤੀ ਤੌਰ ਤੇ ਉਨ੍ਹਾਂ ਦੀ ਖ਼ਬਰ-ਸੁਰਤ ਲੈਣ ਲਈ ਤਰਨਤਾਰਨ ਪੁਜੇ ਅਤੇ ਦੂਰੋਂ ਨੇੜਿਓਂ ਗੁਰਸਿਖ ਸੰਗਤਾਂ ਵਲੋਂ ਹਮਦਰਦੀ ਭਰੀਆਂ ਬਹੁਤ ਚਿੱਠੀਆਂ ਤੇ ਤਾਰਾਂ ਪੁਜੀਆਂ ਹਨ । ਸਭਨਾਂ ਨੂੰ ਵਖ ਵਖ ਉਤਰ ਦੇਣਾ ਅਜੇ ਉਨ੍ਹਾਂ ਲਈ ਮੁਸ਼ਕਲ ਹੈ, ਇਸ ਲਈ ਉਹ ਇਨ੍ਹਾਂ ਸਤਰਾਂ ਰਾਹੀਂ ਸਭ ਗੁਰਸਿਖ ਸੰਗਤਾਂ ਤੇ ਹਿਤੈਸ਼ੀ ਵੀਰਾਂ ਭੈਣਾਂ ਦਾ ਦਿਲੋਂ ਧੰਨਵਾਦ ਕਰਦੇ ਹਨ ਅਤੇ ਉਹ ਕਹਿੰਦੇ ਹਨ ਕਿ ਮੈਂ ਆਪ ਜੀ ਦੀਆਂ ਅਰਦਾਸਾਂ ਦਾ ਸਦਕਾ ਬਚ ਪਿਆ ਹਾਂ । ਹੁਣ ਬਾਊ ਜੀ ਦੀ ਸਿਹਤ ਕਾਫ਼ੀ ਠੀਕ ਹੈ ਅਤੇ ਸਹਾਰੇ ਨਾਲ ਥੋੜਾ ਬਹੁਤਾ ਬੈਠ ਉਠ ਲੈਂਦੇ ਹਨ ।

# ਬੁਲ੍ਹੋਵਾਲ (ਹੁਸ਼ਿਆਰਪੁਰ) ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਸਨਿਮਰ ਬਿਨੈ ਹੈ ਕਿ ਦਾਸ ਦੇ ਗ੍ਰਿਹਿ ਵਿਖੇ ੩ ਮਈ ਸ਼ਨੀਵਾਰ ਨੂੰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ ਹੋਣਗੇ । ਉਸੇ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਮੁਖੀ ਕੀਰਤਨੀਏ ਵੀਰ ਪੁਜ ਰਹੇ ਹਨ । ਸਮੂੰਹ ਕੀਰਤਨ-ਰਸੀਏ ਦਰਸ਼ਨ ਦੇ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ । ਬੁਲ੍ਹੋਵਾਲ ਹੁਸ਼ਿਆਰਪੁਰ ਟਾਂਡਾ ਰੋਡ ਤੇ ਹੈ । ਦਾਸਰੇ - ਮੋਹਨ ਸਿੰਘ ਤਰਲੋਚਨ ਸਿੰਘ, ਬੁਲ੍ਹੋਵਾਲ ਜ਼ਿਲਾ ਹੁਸ਼ਿਆਰਪੁਰ

# ਦਸੂਹਾ (ਹੁਸ਼ਿਆਰਪੁਰ) ਵਿਖੇ ਸ੍ਰੀ ਅਖੰਡਪਾਠ ਅਤੇ ਰੈਣ ਸਬਾਈ ਕੀਰਤਨ

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਮਿਤੀ ੫-੬-੭੫ ਨੂੰ ਦਾਸ ਦੇ ਗ੍ਰਿਹਿ ਵਿਖੇ ਸ੍ਰੀ ਅਖੰਡਪਾਠ ਰਖਿਆ ਜਾਵੇਗਾ ਜਿਸ ਦਾ ਭੋਗ ੭ ਜੂਨ ਨੂੰ ੫ ਵਜੇ ਸਵੇਰੇ ਪਵੇਗਾ । ਉਪਰੰਤ ਆਸਾ ਦੀ ਵਾਰ ਦਾ ਅਖੰਡ ਕੀਰਤਨ ੧੧ ਵਜੇ ਤਕ ਹੋਵੇਗਾ । ਰਾਤ ਨੂੰ ਰੈਣ ਸਬਾਈ ਕੀਰਤਨ ਸਾਢੇ ਅਠ ਵਜੇ ਅਰੰਭ ਹੋਵੇਗਾ, ਜਿਸ ਦਾ ਭੋਗ ੮-੬-੭੫ ਨੂੰ ੬ ਵਜੇ ਸਵੇਰੇ ਪਵੇਗਾ । ਸਰਬਤ ਸੰਗਤਾਂ ਇਸ ਅਵਸਰ ਤੇ ਆਇ ਦੀਦਾਰ ਬਖ਼ਸ਼ ਜੀ ।

ਦਾਸਨ ਦਾਸ—ਪ੍ਰੀਤਮ ਸਿੰਘ, ਦਸਮੇਸ਼ ਇੰਜੀਨੀਰਿੰਗ ਵਰਕਸ, ਜੀ. ਟੀ. ਰੋਡ, ਦਸੂਹਾ ਜ਼ਿਲਾ ਹੁਸ਼ਿਆਰਪੁਰ

---

# 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ

ਸ: ਗੁਰਚਰਨ ਸਿੰਘ ਮਹਿੰਦਰ ਸਿੰਘ ਜੀ ਇੰਦੌਰ ਸਿਟੀ ਵਲੋਂ ੧੩—੦੦

ਸ: ਗੁਰਚੇਤਨ ਸਿੰਘ ਜੀ ਓਵਰਸੀਅਰ ਸਪੁਤਰ ਸ: ਪ੍ਰੀਤਮ ਸਿੰਘ ਜੀ ਸਮਰਾਏ ਵਲੋਂ
ਅਨੰਦ ਕਾਰਜ ਦੀ ਖੁਸ਼ੀ ਵਿਚ ੧੦

ਸ੍ਰੀਮਤੀ ਬੀਬੀ ਸਤਵੰਤ ਕੌਰ ਜੀ Hemel Hempstead ਇੰਗਲੈਂਡ ਵਲੋਂ

ਸ: ਦਿਲਬਾਗ ਸਿੰਘ ਜੀ, ਲੁਧਿਆਨਾ ਵਲੋਂ

ਕੈਪਟਨ ਪ੍ਰੀਤਮ ਸਿੰਘ ਜੀ ਮਾਲਾਪੁਰਮ (ਕੇਰਲਾ) ਵਲੋਂ

ਭਾਈ ਹਰਬੰਸ ਸਿੰਘ ਜੀ, ਕਾਲਾਕੋਟ, ਜੰਮੂ ਵਲੋਂ

ਸ: ਹਰਬਖਸ਼ ਸਿੰਘ ਜੀ, North Fleet ਇੰਗਲੈਂਡ ਵਲੋਂ

ਸ: ਅਵਤਾਰ ਸਿੰਘ ਜੀ ਪਾਰੋਵਾਲ (ਗੁਰਦਾਸਪੁਰ) ਵਲੋਂ

ਭਾਈ ਪ੍ਰੀਤਮ ਸਿੰਘ ਜੀ ਚੰਡੀਗੜ੍ਹ ਵਲੋਂ ਉਨ੍ਹਾਂ ਦੇ ਭਰਾਤਾ ਦਸਵੰਧਾ ਸਿੰਘ ਜੀ ਦੇ
ਚਲਾਣੇ ਤੇ ਭੋਗ ਸਮੇਂ ੧੧—੦੦

**ਸਤਿਗੁਰੂ ਦਾਤਾਰ ਪਿਤਾ ਜੀ ਚੜ੍ਹਦੀਆਂ ਕਲਾਂ ਤੇ ਗੁਰਸਿਖੀ ਜੀਵਨ ਬਖ਼ਸ਼ਣ ।**

www.AKJ.Org

# ਹੁਸ਼ਿਆਰਪੁਰ ਵਿਖੇ ਸ਼ਹੀਦੀ ਗੁਰਪੁਰਬ

## ੧੧ ਜੂਨ ਬੁਧਵਾਰ ਸਵੇਰ ਤੋਂ ੧੫ ਜੂਨ ਐਤਵਾਰ ਸਵੇਰ ਤਕ

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਹੁਸ਼ਿਆਰਪੁਰ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾਵੇਗਾ। ਸਮੂਹ ਸੰਗਤਾਂ ਅਖੰਡ ਕੀਰਤਨਾਂ ਵਿਚ ਹਾਜ਼ਰੀਆਂ ਭਰ ਕੇ ਦਾਸਾਂ ਨੂੰ ਧੰਨਵਾਦੀ ਬਣਾਓ ਜੀ।

### ਕੀਰਤਨ ਤੇ ਅਖੰਡ ਪਾਠ ਪ੍ਰੋਗਰਾਮ

| | | |
|---|---|---|
| ੧੧-੬-੭੫ ਸਵੇਰ ੪ ਤੋਂ ੬ | ਆਸਾ ਦੀ ਵਾਰ, ਉਪਰੰਤ ਸ੍ਰੀ ਅਖੰਡਪਾਠ | ਗੁ: ਗੁਰੂ ਕਲਗੀਧਰ ਚਰਨ ਪਾਵਨ, ਮਾਡਲ ਟਾਊਨ |
| ੧੨-੬-੭੫ ਸ਼ਾਮ ੭-੩੦ ਤੋਂ ੧੦ | ਅਖੰਡ ਕੀਰਤਨ | ਗੁਰਦੁਆਰਾ ਗੋਕਲ ਨਗਰ |
| ੧੩-੬-੭੫ ਸਵੇਰੇ ੬ ਤੋਂ ੧ ਦੁਪਹਿਰ | ਭੋਗ ਸ੍ਰੀ ਅਖੰਡ ਪਾਠ,ਉਪਰੰਤ ਅਖੰਡ ਕੀਰਤਨ | ਗੁ: ਗੁਰੂ ਕਲਗੀਧਰ ਚਰਨ ਪਾਵਨ |
| ੧੪-੬-੭੫ ਸਵੇਰੇ ੫ ਤੋਂ ੧੨ | ਅਖੰਡ ਕੀਰਤਨ | " " |
| ਸ਼ਾਮ ੮ ਵਜੇ | ਅਰੰਭ ਰੈਣ ਸਬਾਈ ਕੀਰਤਨ | ਗੁ: ਮਿੱਠਾ ਟਿਵਾਣੇ ਵਾਲੇ, ਮਾਡਲ ਟਾਊਨ |
| ੧੫-੬-੭੫ ਸਵੇਰੇ ੭ ਵਜੇ | ਭੋਗ ਰੈਣ ਸਬਾਈ ਕੀਰਤਨ | |

**ਅੰਮ੍ਰਿਤ ਸਿੰਚਾਰ**—੧੪ ਜੂਨ ਚਾਰ ਵਜੇ ਸ਼ਾਮ ਨੂੰ ਹੋਵੇਗਾ।

ਨੋਟ:—੧. ਰਿਹਾਇਸ਼ ਆਦਿ ਦਾ ਪਰਬੰਧ ਵਖ ਵਖ ਕੋਠੀਆਂ ਵਿਚ ਵਖ ਵਖ ਕੀਤਾ ਜਾਵੇਗਾ।

੨. ਲੰਗਰ ਦਾ ਪਰਬੰਧ ਗੁ: ਸ੍ਰੀ ਗੁਰੂ ਕਲਗੀਧਰ ਚਰਨ ਪਾਵਨ ਵਿਖੇ ਹੋਵੇਗਾ।

ਪੁਛ ਗਿਛ ਲਈ—

ਭਾਈ ਲਖਦੇਵ ਸਿੰਘ
ਗੌਰਮਿੰਟ ਪੋਲੀਟੈਕਨਿਕ, ਹੁਸ਼ਿਆਰਪੁਰ

ਦਾਸਰੇ—ਅਖੰਡ ਕੀਰਤਨੀ ਜੱਥਾ,
ਹੁਸ਼ਿਆਰਪੁਰ।

---

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

ਭਾਈ ਸਾਹਿਬ ਜੀ ਦੀਆਂ ਖ਼ਤਮ ਪੁਸਤਕਾਂ ਵਿਚੋਂ ਦੋ ਟ੍ਰੈਕਟ ਤੇ ਇਕ ਪੁਸਤਕ ਨਵੇਂ ਸਿਰੇ ਛਪ ਚੁਕੀ ਹੈ —

੧. **ਅੰਮ੍ਰਿਤ ਕੀ ਹੈ**—ਬਹੁਤ ਸੋਹਣੇ ਰੂਪ ਵਿਚ ਸੁੰਦਰ ਟਾਈਟਲ ਨਾਲ ੫੨ ਸਫ਼ੇ ਵਡੇ ਸਾਈਜ਼ ਵਿਚ। ਕਾਗਜ਼ ਤੇ ਛਪਾਈ ਵਧੀਆ ਹੈ। ਅਰੰਭ ਵਿਚ ਡਾ: ਤ੍ਰਿਲੋਚਨ ਸਿੰਘ ਜੀ ਵਲੋਂ ਖੋਜ-ਪੂਰਤ ਭੂਮਿਕਾ ਭੀ ਦਿਤੀ ਹੋਈ ਹੈ।
ਮੁੱਲ ੨-੦੦

੨. **ਗੁਰਮਤਿ ਰਮਜ਼ਾਂ**—ਸੋਹਣੇ ਕਾਗਜ਼ ਤੇ ਸੋਹਣੀ ਛਪਾਈ ਨਾਲ ੪੦ ਸਫ਼ੇ ਵਡੇ ਅਕਾਰ ਵਿਚ। ਡਾਕਟਰ ਤ੍ਰਿਲੋਚਨ ਸਿੰਘ ਜੀ ਦੀ ਭੂਮਿਕਾ ਭੀ ਸ਼ਾਮਲ ਹੈ।
ਭੇਟਾ ੧-੩੦

੩. **ਗੁਰਮਤਿ ਸੱਚ ਨਿਰਣੇ**—ਨਵੀਂ ਐਡੀਸ਼ਨ ਵਧੀਆ ਤੇ ਸੁੰਦਰ ਰੂਪ ਵਿਚ ਛਪ ਗਈ ਹੈ। ਵਡੇ ਅਕਾਰ ਦੇ ੮੪ ਸਫ਼ੇ। ਅਰੰਭ ਵਿਚ ਮੁਖ-ਬੰਦ ਡਾ: ਤ੍ਰਿਲੋਚਨ ਸਿੰਘ ਜੀ ਨੇ ਲਿਖਿਆ ਹੈ।
ਵਧੀਆ ਜਿਲਦ ਨਾਲ ੬—੦੦

ਇਨ੍ਹਾਂ ਤੋਂ ਬਿਨਾਂ ਹੇਠ ਲਿਖੀਆਂ ਪੁਸਤਕਾਂ ਹੋਰ ਮਿਲ ਸਕਦੀਆਂ ਹਨ—

| | | | |
|---|---|---|---|
| ਗੁਰਮਤਿ ਗੌਰਵਤਾ | ੭-੦੦ | ਰੰਗਲੇ ਸਜਣ | ੩-੫੦ |
| ਅਨਹਦ ਸ਼ਬਦ ਦਸਮ ਦੁਆਰ | ੩-੫੦ | ਦਰਸ਼ਨ ਝਲਕਾਂ | ੨-੫੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣ | ੩-੦੦ | ਸੰਤ ਪਦ ਨਿਰਣੈ | ੩-੦੦ |

ਭਾਈ ਸਾਹਿਬ ਲਿਖਤ ਹੋਰ ਪੁਸਤਕਾਂ ਜਿਉਂ ਜਿਉਂ ਛਪਦੀਆਂ ਜਾਣਗੀਆਂ, ਪਾਠਕਾਂ ਨੂੰ ਇਤਲਾਹ ਦਿੰਦੇ ਜਾਵਾਂਗੇ।

ਮੰਗਾਣ ਦਾ ਪਤਾ

**ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਉਸ, ੧੨੬-ਮਾਡਲ**

www.AKJ.Org